People's Herald

People's Herald

Rs- 160/month



# “ਇਕੁਐਲਿਟੀ ਐਂਡ ਜਸਟਿਸ”



https://www.facebook.com/profile.php?id=161037521061610

ਪਟਿਆਲਾ

“Equality and Justice”

स्वतंत्रता, समानता, भाईचारा

PATIALA

On line paper

24 ਨਵੰਬਰ 2025 ਸੋਮਵਾਰ “ਰੋਜ਼ਾਨਾ” ਚੌਥਾ ਸਾਲ

w.e.f. 15 August 2022

ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ਤਾਬਦੀ ਸਮਾਰੋਹ ਸ਼ੁਰੂ, ਮੁੱਖ ਮੰਤਰੀ ਨੇ ਸਰਬ ਧਰਮ ਸੰਮੇਲਨ ਵਿੱਚ ਆਏ ਹੋਏ ਸੰਤ- ਮਹਾਪੁਰਸ਼ਾਂ ਦਾ ਕੀਤਾ ਸਵਾਗਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਨਵੰਬਰ INTERNATIONAL PAPER, 94636 01616 hardipchumber57@gmail.com

ਸ੍ਰੀ ਅਨੰਦਪੁਰ ਸਾਹਿਬ: ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਸਮਾਗਮ ਸ਼ੁਰੂ ਹੋ ਗਏ ਹਨ। ਸਵੇਰੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਪਾਠ ਸ਼ੁਰੂ ਹੋ ਗਏ ਹਨ। ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ, ਮੁੱਖ ਮੰਤਰੀ ਭਗਵੰਤ ਮਾਨ, ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਸਾਰੇ ਕੈਬਨਿਟ ਮੰਤਰੀ ਇਸ ਵਿੱਚ ਮੌਜੂਦ ਸਨ।

ਇਸ ਦੌਰਾਨ, ਸਰਵਧਰਮ ਸੰਮੇਲਨ ਹੁਣ ਸ਼ੁਰੂ ਹੋ ਗਿਆ ਹੈ। ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਤਾਬਦੀ ਸਮਾਗਮਾਂ ਵਿੱਚ ਸੰਤ ਸੰਮੇਲਨ ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ। ਹਰ ਕੋਈ ਆਪਣੇ ਵਿਚਾਰ ਪ੍ਰਗਟ ਕਰ ਰਿਹਾ ਹੈ। ਇਸ ਦੇ ਨਾਲ ਹੀ, ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੂੰ ਯਾਦ ਕੀਤਾ ਜਾ ਰਿਹਾ ਹੈ। ਸ਼ਾਮ ਨੂੰ, ਗੁਰੂ ਜੀ ਦੇ ਜੀਵਨ ‘ਤੇ ਇੱਕ ਡਰੋਨ ਸ਼ੋਅ ਅਤੇ ਕੀਰਤਨ ਦਰਬਾਰ ਦਾ ਆਯੋਜਨ ਕੀਤਾ ਜਾਵੇਗਾ।

ਪਹਿਲੀ ਵਾਰ, ਵਿਧਾਨ ਸਭਾ ਦਾ ਇਜਲਾਸ ਚੰਡੀਗੜ੍ਹ ਤੋਂ ਬਾਹਰ ਹੋਵੇਗਾ।

ਪੰਜਾਬ ਸਰਕਾਰ ਨੇ ਇਹ ਯਕੀਨੀ ਬਣਾਉਣ ਲਈ ਵਿਆਪਕ ਪ੍ਰਬੰਧ ਕੀਤੇ ਹਨ ਕਿ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਸ਼ਰਧਾਲੂਆਂ ਨੂੰ ਕੋਈ ਅਸੁਵਿਧਾ ਨਾ ਹੋਵੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਾਰੇ ਮੰਤਰੀ ਨਿੱਜੀ ਤੌਰ ‘ਤੇ ਆਨੰਦਪੁਰ ਸਾਹਿਬ ਵਿੱਚ ਸਥਿਤੀ ਦੀ ਨਿਗਰਾਨੀ ਕਰ ਰਹੇ ਹਨ। ਪਹਿਲੀ ਵਾਰ, 24 ਨਵੰਬਰ ਨੂੰ ਇੱਕ ਵਿਸ਼ੇਸ਼ ਵਿਧਾਨ ਸਭਾ ਇਜਲਾਸ ਹੋਵੇਗਾ। ਉੱਥੇ ਇੱਕ ਵਿਸ਼ੇਸ਼ ਅਸੈਂਬਲੀ ਹਾਲ ਸਥਾਪਤ ਕੀਤਾ ਗਿਆ ਹੈ। ਸੁਰੱਖਿਆ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ। ਮੁੱਖ ਮੰਤਰੀ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਇਜਲਾਸ ਦੌਰਾਨ ਵੱਡੇ ਫੈਸਲੇ ਲਏ ਜਾਣਗੇ। ਇਸ ਲਈ ਤਿਆਰੀਆਂ ਪਹਿਲਾਂ ਹੀ ਕੀਤੀਆਂ ਜਾ ਚੁੱਕੀਆਂ ਹਨ।

ਸਾਰੀ ਜਾਣਕਾਰੀ ਤੁਹਾਡੇ ਮੋਬਾਈਲ ‘ਤੇ ਇੱਕ ਕਲਿੱਕ ਨਾਲ

ਰੂਪਨਗਰ ਪ੍ਰਸ਼ਾਸਨ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਸ਼ਾਮਲ ਹੋਣ ਵਾਲੇ ਲੱਖਾਂ ਸ਼ਰਧਾਲੂਆਂ ਦੀ ਸਹੂਲਤ ਲਈ ਵਿਸ਼ੇਸ਼ ਡਿਜੀਟਲ ਪ੍ਰਬੰਧ ਕੀਤੇ ਹਨ। ਸੰਗਤ ਨੂੰ ਧਿਆਨ ਵਿੱਚ ਰੱਖਦੇ ਹੋਏ, ਰੂਪਨਗਰ ਪ੍ਰਸ਼ਾਸਨ ਨੇ “anandpursahib350.com” ਨਾਮਕ ਇੱਕ ਵੈੱਬਸਾਈਟ ਲਾਂਚ ਕੀਤੀ ਹੈ। ਇਹ ਵੈੱਬਸਾਈਟ ਅਤੇ ਐਪ ਪੰਜਾਬੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਉਪਲਬਧ ਹਨ। ਉਹ ਸ਼ਟਲ ਬੱਸ ਰੂਟਾਂ, ਟੈਂਟ ਸਿਟੀ, ਟਰਾਲੀ ਸਿਟੀ, ਟ੍ਰੈਫਿਕ ਡਾਇਵਰਸ਼ਨਾਂ ਅਤੇ ਸਾਰੇ ਪ੍ਰਮੁੱਖ ਸਮਾਗਮਾਂ ਬਾਰੇ ਅਸਲ-ਸਮੇਂ ਦੀ ਜਾਣਕਾਰੀ ਪ੍ਰਦਾਨ ਕਰਨਗੇ। ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਸ਼ਰਧਾਲੂਆਂ ਨੂੰ ਯਾਤਰਾ ਕਰਨ, ਠਹਿਰਨ ਜਾਂ ਸਮਾਗਮ ਤੱਕ ਪਹੁੰਚਣ ਵਿੱਚ ਕੋਈ ਮੁਸ਼ਕਲ ਨਾ ਆਵੇ।



## ਕੌਣ ਹਨ ਜਸਟਿਸ ਸੂਰਿਆ ਕਾਂਤ, ਜੋ ਕੱਲ੍ਹ ਬਣਨਗੇ ਭਾਰਤ ਦੇ 53ਵੇਂ ਚੀਫ਼ ਜਸਟਿਸ?

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਨਵੰਬਰ INTERNATIONAL PAPER, 94636 01616 hardipchumber57@gmail.com

ਨਵੀਂ ਦਿੱਲੀ, 23 ਨਵੰਬਰ 2025: ਸੁਪਰੀਮ ਕੋਰਟ ਦੇ ਮੌਜੂਦਾ ਜੱਜ, ਜਸਟਿਸ ਸੂਰਿਆ ਕਾਂਤ, ਕੱਲ੍ਹ (ਸੋਮਵਾਰ, 24 ਨਵੰਬਰ) ਨੂੰ ਭਾਰਤ ਦੇ 53ਵੇਂ ਚੀਫ਼ ਜਸਟਿਸ (CJI) ਵਜੋਂ ਸਹੁੰ ਚੁੱਕਣ ਜਾ ਰਹੇ ਹਨ। ਉਹ ਜਸਟਿਸ ਬੀ.ਆਰ. ਗਵਈ ਦੀ ਥਾਂ ਲੈਣਗੇ, ਜੋ ਅੱਜ ਆਪਣੇ ਅਹੁਦੇ ਤੋਂ ਸੇਵਾਮੁਕਤ ਹੋ ਗਏ ਹਨ। ਜਸਟਿਸ ਸੂਰਿਆ ਕਾਂਤ ਦਾ ਸਫ਼ਰ ਹਰਿਆਣਾ ਦੇ ਇੱਕ ਸਾਧਾਰਨ ਮੱਧ-ਵਰਗੀ ਪਰਿਵਾਰ ਤੋਂ ਸ਼ੁਰੂ ਹੋ ਕੇ ਦੇਸ਼ ਦੇ ਸਭ ਤੋਂ ਉੱਚੇ ਨਿਆਂਇਕ ਅਹੁਦੇ ਤੱਕ ਪਹੁੰਚਿਆ ਹੈ।

### ਕਾਰਜਕਾਲ ਅਤੇ ਪਿਛੋਕੜ

ਕਾਰਜਕਾਲ: ਜਸਟਿਸ ਸੂਰਿਆ ਕਾਂਤ ਲਗਭਗ 15 ਮਹੀਨਿਆਂ ਤੱਕ ਭਾਰਤ ਦੇ ਚੀਫ਼ ਜਸਟਿਸ ਵਜੋਂ ਸੇਵਾ ਨਿਭਾਉਣਗੇ। ਉਹ 9 ਫਰਵਰੀ, 2027 ਨੂੰ 65 ਸਾਲ ਦੀ ਉਮਰ ਵਿੱਚ ਸੇਵਾਮੁਕਤ ਹੋਣਗੇ।

ਜਨਮ ਅਤੇ ਸਿੱਖਿਆ: ਉਨ੍ਹਾਂ ਦਾ ਜਨਮ 10 ਫਰਵਰੀ, 1962 ਨੂੰ ਹਰਿਆਣਾ ਦੇ ਹਿਸਾਰ ਜ਼ਿਲ੍ਹੇ ਵਿੱਚ ਹੋਇਆ ਸੀ। ਉਨ੍ਹਾਂ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਕਾਨੂੰਨ ਦੀ ਮਾਸਟਰ ਡਿਗਰੀ ਵਿੱਚ ‘ਫਸਟ ਕਲਾਸ ਫਸਟ’ (ਗੋਲਡ ਮੈਡਲ) ਹਾਸਲ ਕੀਤਾ ਸੀ।

ਕਰੀਅਰ: ਇੱਕ ਛੋਟੇ ਸ਼ਹਿਰ ਦੇ ਵਕੀਲ ਵਜੋਂ ਸ਼ੁਰੂਆਤ ਕਰਕੇ, ਉਹ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਬਣੇ ਅਤੇ ਫਿਰ 5 ਅਕਤੂਬਰ, 2018 ਨੂੰ ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਮੁੱਖ ਜੱਜ ਬਣੇ। ਬਾਅਦ ਵਿੱਚ ਉਹ ਸੁਪਰੀਮ ਕੋਰਟ ਦੇ ਜੱਜ ਨਿਯੁਕਤ ਹੋਏ।

### ਜਸਟਿਸ ਸੂਰਿਆ ਕਾਂਤ ਦੇ ਇਤਿਹਾਸਕ ਅਤੇ ਅਹਿਮ ਫੈਸਲੇ

ਆਪਣੇ ਕਾਰਜਕਾਲ ਦੌਰਾਨ ਜਸਟਿਸ ਕਾਂਤ ਕਈ ਵੱਡੇ ਸੰਵਿਧਾਨਕ ਅਤੇ ਰਾਸ਼ਟਰੀ ਮਹੱਤਵ ਵਾਲੇ ਮਾਮਲਿਆਂ ਦਾ ਹਿੱਸਾ ਰਹੇ ਹਨ:

1. ਧਾਰਾ 370 ਨੂੰ ਰੱਦ ਕਰਨਾ: ਉਹ ਉਸ ਸੰਵਿਧਾਨਕ ਬੈਂਚ ਦਾ ਅਹਿਮ ਹਿੱਸਾ ਸਨ ਜਿਸ ਨੇ ਜੰਮੂ-ਕਸ਼ਮੀਰ ਤੋਂ ਧਾਰਾ 370 ਨੂੰ ਹਟਾਉਣ ਅਤੇ ਇਸ ਦੇ ਵਿਸ਼ੇਸ਼ ਦਰਜੇ ਨੂੰ ਖਤਮ ਕਰਨ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਸੀ।

2. ਦੇਸ਼ਧ੍ਰੋਹ ਕਾਨੂੰਨ (Sedition Law) ‘ਤੇ ਰੋਕ: ਜਸਟਿਸ ਕਾਂਤ ਉਸ ਬੈਂਚ ਵਿੱਚ ਸ਼ਾਮਲ ਸਨ ਜਿਸ ਨੇ ਅੰਗਰੇਜ਼ੀ ਸ਼ਾਸਨ ਵੇਲੇ ਦੇ ਦੇਸ਼ਧ੍ਰੋਹ ਕਾਨੂੰਨ ‘ਤੇ ਰੋਕ ਲਗਾਈ ਸੀ। ਉਨ੍ਹਾਂ ਨੇ ਨਿਰਦੇਸ਼ ਦਿੱਤਾ ਸੀ ਕਿ ਜਦੋਂ ਤੱਕ ਸਰਕਾਰ ਇਸ ਕਾਨੂੰਨ ਦੀ ਸਮੀਖਿਆ ਨਹੀਂ ਕਰਦੀ, ਇਸ ਤਹਿਤ ਕੋਈ ਨਵੀਂ ਐਫ.ਆਈ.ਆਰ. (FIR) ਦਰਜ ਨਹੀਂ ਕੀਤੀ ਜਾਵੇਗੀ।

3. ਬਿਹਾਰ ਵੋਟਰ ਸੂਚੀ ਅਤੇ SIR: ਬਿਹਾਰ ਵਿੱਚ ਵੋਟਰ ਸੂਚੀ ਦੀ ਵਿਸ਼ੇਸ਼ ਤੀਬਰ ਸੋਧ (Special Intensive Revision - SIR) ਦੇ ਮਾਮਲੇ ਵਿੱਚ, ਉਨ੍ਹਾਂ ਨੇ ਚੋਣ ਕਮਿਸ਼ਨ ਨੂੰ ਹੁਕਮ ਦਿੱਤਾ ਸੀ ਕਿ ਉਹ ਡਰਾਫਟ ਸੂਚੀ ਵਿੱਚੋਂ ਬਾਹਰ ਰੱਖੇ ਗਏ 6.5 ਮਿਲੀਅਨ (65 ਲੱਖ) ਵੋਟਰਾਂ ਦੇ ਵੇਰਵੇ ਪ੍ਰਦਾਨ ਕਰਨ।

4. ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿੱਚ ਕੁਤਾਹੀ: 2022 ਵਿੱਚ ਪੰਜਾਬ ਦੌਰੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ਵਿੱਚ ਹੋਈ ਕੁਤਾਹੀ ਦੇ ਮਾਮਲੇ ਵਿੱਚ, ਜਸਟਿਸ ਕਾਂਤ ਉਸ ਬੈਂਚ ਦਾ ਹਿੱਸਾ ਸਨ ਜਿਸ ਨੇ ਜਾਂਚ ਲਈ ਸਾਬਕਾ ਜੱਜ ਜਸਟਿਸ ਇੰਦੂ ਮਲਹੋਤਰਾ ਦੀ ਅਗਵਾਈ ਵਿੱਚ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਸੀ।



5. ਮਹਿਲਾ ਸਸ਼ਕਤੀਕਰਨ ਅਤੇ ਲਿੰਗ ਨਿਆਂ:

ਮਹਿਲਾ ਸਰਪੰਚ ਦੀ ਬਹਾਲੀ: ਉਨ੍ਹਾਂ ਨੇ ਇੱਕ ਮਹਿਲਾ ਸਰਪੰਚ ਨੂੰ ਅਹੁਦੇ ‘ਤੇ ਬਹਾਲ ਕੀਤਾ ਜਿਸ ਨੂੰ ਗੈਰ-ਕਾਨੂੰਨੀ ਢੰਗ ਨਾਲ ਹਟਾ ਦਿੱਤਾ ਗਿਆ ਸੀ, ਅਤੇ ਇਸਨੂੰ ਲਿੰਗ ਪੱਖਪਾਤ ਦਾ ਮਾਮਲਾ ਦੱਸਿਆ।

ਬਾਰ ਐਸੋਸੀਏਸ਼ਨਾਂ ਵਿੱਚ ਰਾਖਵਾਂਕਰਨ: ਉਨ੍ਹਾਂ ਨੂੰ ਇਹ ਨਿਰਦੇਸ਼ ਦੇਣ ਦਾ ਸਿਹਰਾ ਜਾਂਦਾ ਹੈ ਕਿ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਸਮੇਤ ਹੋਰ ਬਾਰ ਐਸੋਸੀਏਸ਼ਨਾਂ ਵਿੱਚ ਇੱਕ ਤਿਹਾਈ (1/3) ਸੀਟਾਂ ਮਹਿਲਾ ਵਕੀਲਾਂ ਲਈ ਰਾਖਵੀਆਂ ਹੋਣੀਆਂ ਚਾਹੀਦੀਆਂ ਹਨ।

## ਭਾਰਤ ਦੇ 52ਵੇਂ ਚੀਫ਼ ਜਸਟਿਸ ਬੀ.ਆਰ. ਗਵਈ ਹੋਏ ਸੇਵਾਮੁਕਤ

### ਕਿਹਾ, ‘ਰਿਟਾਇਰਮੈਂਟ ਤੋਂ ਬਾਅਦ ਨਹੀਂ ਲਵਾਂਗਾ ਕੋਈ ਅਹੁਦਾ’

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਨਵੰਬਰ INTERNATIONAL PAPER, 94636 01616 hardipchumber57@gmail.com

ਨਵੀਂ ਦਿੱਲੀ: ਭਾਰਤ ਦੇ 52ਵੇਂ ਚੀਫ਼ ਜਸਟਿਸ ਬੀ.ਆਰ. ਗਵਈ ਅੱਜ ਸੇਵਾਮੁਕਤ ਹੋ ਗਏ। ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦਾ ਅਹੁਦਾ ਛੱਡਣ ਤੋਂ ਪਹਿਲਾਂ ਉਨ੍ਹਾਂ ਐਲਾਨ ਕੀਤਾ ਕਿ ਉਹ ਸੇਵਾਮੁਕਤੀ ਤੋਂ ਬਾਅਦ ਕੋਈ ਵੀ ਅਹੁਦਾ ਸਵੀਕਾਰ ਨਹੀਂ ਕਰਨਗੇ। ਉਹ ਆਦਿਵਾਸੀ ਭਾਈਚਾਰਿਆਂ ਲਈ ਕੰਮ ਕਰਨਗੇ ਅਤੇ ਦਿੱਲੀ ਵਿੱਚ ਰਹਿਣਗੇ। ਵਿਦਾਇਗੀ ਸਮਾਰੋਹ ਵਿੱਚ ਬੀ.ਆਰ. ਗਵਈ ਨੇ ਕਈ ਮੁੱਦਿਆਂ ‘ਤੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਈ ਵਿਸ਼ਿਆਂ ‘ਤੇ ਸਵਾਲਾਂ ਦੇ ਜਵਾਬ ਦਿੱਤੇ।

ਬੀ.ਆਰ. ਗਵਈ ਨੇ ਕਿਹਾ ਕਿ ਜੇਕਰ ਚੀਫ ਜਸਟਿਸ ਸਰਕਾਰ ਦੇ ਪੱਖ ਵਿੱਚ ਕੋਈ ਫੈਸਲਾ ਦਿੰਦੇ ਹਨ, ਤਾਂ ਉਹ ਸੁਤੰਤਰ ਜੱਜ ਨਹੀਂ ਹਨ, ਇਹ ਕਹਿਣਾ ਗਲਤ ਹੈ। SC ਅਤੇ ST ਲਈ ਰਾਖਵੇਂਕਰਨ ਵਿੱਚ ਵੀ ਕਰੀਮੀ ਲੇਅਰ ਦੀ ਵਿਵਸਥਾ ਲਾਗੂ ਕਰਨ ਦੀ ਜ਼ਰੂਰਤ ਹੈ, ਕਿਉਂਕਿ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ ਕਿ ਰਾਖਵੇਂਕਰਨ ਦੇ ਲਾਭ ਉਨ੍ਹਾਂ ਤੱਕ ਪਹੁੰਚਣ ਜਿਨ੍ਹਾਂ ਨੂੰ ਇਸ ਦੀ ਸਭ ਤੋਂ ਵੱਧ ਲੋੜ ਹੈ।



## UNSC ਵਿੱਚ ਸੁਧਾਰ ਹੁਣ ਕੋਈ ਵਿਕਲਪ ਨਹੀਂ, ਸਗੋਂ ਲੋੜ ਹੈ: ਮੋਦੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਨਵੰਬਰ INTERNATIONAL PAPER, 94636 01616 hardipchumber57@gmail.com

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (UNSC) ਵਿੱਚ ਸੁਧਾਰ ਹੁਣ ਕੋਈ ਵਿਕਲਪ ਨਹੀਂ, ਸਗੋਂ ਇੱਕ ਜ਼ਰੂਰਤ ਹੈ ਅਤੇ ਭਾਰਤ-ਬ੍ਰਾਜ਼ੀਲ-ਦੱਖਣੀ ਅਫਰੀਕਾ ਦੇ ਤਿੰਨ-ਧਿਰ ਗੱਠਜੋੜ ਨੂੰ ਵਿਸ਼ਵਵਿਆਪੀ ਪ੍ਰਸ਼ਾਸਨ ਦੀਆਂ ਸੰਸਥਾਵਾਂ ਵਿੱਚ ਤਬਦੀਲੀਆਂ ਲਈ ਇੱਕ ਸਪਸ਼ਟ ਸੰਦੇਸ਼ ਭੇਜਣਾ ਚਾਹੀਦਾ ਹੈ।

ਇੱਥੇ ਭਾਰਤ-ਬ੍ਰਾਜ਼ੀਲ-ਦੱਖਣੀ ਅਫਰੀਕਾ (IBSA) ਦੇ ਆਗੂਆਂ ਦੇ ਸੰਮੇਲਨ ਨੂੰ ਸੰਬੋਧਨ ਕਰਦਿਆਂ, ਮੋਦੀ ਨੇ ਕਿਹਾ ਕਿ ਅਜਿਹੇ ਸਮੇਂ ਜਦੋਂ ਸੰਸਾਰ ਖੰਡਿਤ ਅਤੇ ਵੰਡਿਆ ਹੋਇਆ ਜਾਪਦਾ ਹੈ, IBSA ਏਕਤਾ, ਸਹਿਯੋਗ ਅਤੇ ਮਾਨਵਤਾ ਦਾ ਸੰਦੇਸ਼ ਪ੍ਰਦਾਨ ਕਰ ਸਕਦਾ ਹੈ।

ਉਨ੍ਹਾਂ ਤਿੰਨਾਂ ਦੇਸ਼ਾਂ ਦਰਮਿਆਨ ਸੁਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਲਈ IBSA ਰਾਸ਼ਟਰੀ ਸੁਰੱਖਿਆ ਸਲਾਹਕਾਰ (NSA) ਪੱਧਰ ਦੀ ਮੀਟਿੰਗ ਨੂੰ ਸੰਸਥਾਗਤ ਬਣਾਉਣ ਦਾ ਵੀ ਪ੍ਰਸਤਾਵ ਦਿੱਤਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (UNSC) ਵਿੱਚ ਸੁਧਾਰ ਹੁਣ ਕੋਈ ਵਿਕਲਪ ਨਹੀਂ, ਸਗੋਂ ਇੱਕ

ਬਾਕੀ ਖਬਰ 6 ਪੇਜ਼ ਤੇ

## ਚੰਡੀਗੜ੍ਹ ਮਾਮਲੇ ’ਚ ਕੇਂਦਰੀ ਗ੍ਰਹਿ ਮੰਤਰਾਲੇ ਦਾ ਯੂਟਰਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 23 ਨਵੰਬਰ INTERNATIONAL PAPER, 94636 01616 hardipchumber57@gmail.com

ਕੇਂਦਰੀ ਗ੍ਰਹਿ ਮੰਤਰਾਲੇ ਨੇ ਚੰਡੀਗੜ੍ਹ ਨੂੰ ਰਾਸ਼ਟਰਪਤੀ ਦੇ ਸਿੱਧਾ ਕੰਟਰੋਲ ਹੇਠ ਲਿਆਉਣ ਦੀ ਤਜਵੀਜ਼ ਬਾਰੇ ਅੱਜ ਸਪਸ਼ਟ ਕੀਤਾ ਹੈ ਕਿ ਕੇਂਦਰ ਸਰਕਾਰ ਵੱਲੋਂ ਇਸ ਤਜਵੀਜ਼ ਬਾਰੇ ਅਜੇ ਕੋਈ ਅੰਤਿਮ ਫ਼ੈਸਲਾ ਨਹੀਂ ਲਿਆ ਗਿਆ ਹੈ। ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਲਈ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਨੂੰ ਸੌਖਾ ਬਣਾਉਣ ਦੀ ਤਜਵੀਜ਼ ਇਸ ਸਮੇਂ ਕੇਂਦਰ ਸਰਕਾਰ ਦੇ ਪੱਧਰ ’ਤੇ ਵਿਚਾਰ ਅਧੀਨ ਹੈ ਅਤੇ ਕੋਈ ਆਖ਼ਰੀ ਫ਼ੈਸਲਾ ਨਹੀਂ ਲਿਆ ਗਿਆ ਹੈ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਕੋਈ ਵੀ ਫ਼ੈਸਲਾ ਸਾਰੀਆਂ ਸਬੰਧਤ ਭਾਈਵਾਲ ਧਿਰਾਂ ਨਾਲ ਸਲਾਹ-ਮਸ਼ਵਰਾ ਕਰਕੇ ਚੰਡੀਗੜ੍ਹ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਲਿਆ ਜਾਵੇਗਾ।

# ਪ੍ਰੈਸ ਕਲੱਬ ਦੇ ਸਾਬਕਾ ਪ੍ਰਧਾਨ ਅਤੇ ਸੀਨੀਅਰ ਜਰਨਲਿਸਟਸ ਫੋਰਮ ਦੇ ਸਾਥੀ ਨਲਿਨ ਅਚਾਰੀਆ ਨੂੰ ਪੱਤਰਕਾਰ ਭਾਈਚਾਰੇ ਭਾਵਭਿੰਨੀ ਸ਼ਰਧਾਂਜਲੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਨਵੰਬਰ
INTERNATIONAL PAPER, 94636 01616
hardipchumber57@gmail.com

ਪ੍ਰੈਸ ਕਲੱਬ ਦੇ ਸਾਬਕਾ ਪ੍ਰਧਾਨ ਅਤੇ ਸੀਨੀਅਰ ਜਰਨਲਿਸਟਸ ਫੋਰਮ ਦੇ ਸਾਥੀ ਨਲਿਨ ਅਚਾਰੀਆ ਨੂੰ ਪੱਤਰਕਾਰ ਭਾਈਚਾਰੇ ਵੱਲੋਂ ਸ਼ੋਕ ਸਭਾ ਕਰਕੇ ਭਾਵਭਿੰਨੀ ਸ਼ਰਧਾਂਜਲੀ ਦਿੱਤੀ ਗਈ!



ਸੀਨੀਅਰ ਪੱਤਰਕਾਰਾਂ ਵਲੋਂ ਨਲਿਨ ਅਚਾਰੀਆ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਗਿਆ ਕਿ ਉਨਾਂ ਦੇ ਪੰਜਾਹ ਸਾਲ ਮੀਡੀਆ ਅਤੇ ਧਾਰਮਿਕ ਖੇਤਰ ਵਿੱਚ ਪਾਏ ਯੋਗਦਾਨ ਨੂੰ ਸਦਾ ਚੇਤੇ ਰੱਖਿਆ ਜਾਵੇਗਾ। ਉਨਾਂ ਵੱਲੋਂ ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ ਹਰ ਦੁੱਖ ਸੁੱਖ ਵਿੱਚ ਲਗਾਤਾਰ ਕੀਤੇ ਕੰਮ ਦੀ ਸ਼ਲਾਘਾ ਕਰਦਿਆਂ ਆਪਸੀ ਸਹਿਯੋਗ ਵਧਾਉਣ ਦਾ ਸੱਦਾ ਦਿੱਤਾ ਗਿਆ।

ਅੱਜ ਪ੍ਰੈਸ ਕਲੱਬ ਚੰਡੀਗੜ੍ਹ ਵਲੋ ਮਰਹੂਮ ਪ੍ਰਧਾਨ ਨਲਿਨ ਦੀ ਯਾਦ ਵਿੱਚ ਸ਼ੋਕ ਸਭਾ ਕੀਤੀ ਗਈ । ਮੀਟਿੰਗ ਵਿੱਚ ਸੀਨੀਅਰ ਪੱਤਰਕਾਰਾਂ ਸਮੇਤ ਕਲੱਬ ਦੇ ਮੈਂਬਰਾਂ ਅਤੇ ਨਲਿਨ ਜੀ ਦੇ ਪਰਿਵਾਰਕ ਮੈਂਬਰਾਂ ਨੇ ਸ਼ਮੂਲੀਅਤ ਕੀਤੀ । ਨਲਿਨ ਜੀ ਪ੍ਰੈਸ ਕਲੱਬ ਦੇ ਦੋ ਵਾਰ ਪ੍ਰਧਾਨ ਰਹੇ ਅਤੇ ਕਲੱਬ ਦੇ ਵੱਖ ਵੱਖ ਅਹੁਦਿਆਂ ਉਤੇ ਲੰਬਾ ਸਮਾਂ ਕੰਮ ਕਰਦਿਆਂ ਕਲੱਬ ਅਤੇ ਮੈਂਬਰਾਂ ਦੀ ਬੇਹਤਰੀ ਲਈ ਤਕੜਾ ਯੋਗਦਾਨ ਪਾਇਆ । ਨਲਿਨ ਜੀ ਪਿਛਲੇ ਦਿਨੀ ਸਦੀਵੀ ਵਿਛੋੜਾ ਦੇ ਗਏ ਸਨ । ਸ਼ੋਕ ਸਭਾ ਵਿੱਚ ਬੁਲਾਰਿਆਂ ਨੇ ਪਰਿਵਾਰ ਦੀ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ।ਪਰਿਵਾਰ ਵਲੋਂ ਨਲਿਨ ਅਚਾਰੀਆ ਦੀ 25 ਨਵੰਬਰ ਨੂੰ ਚੰਡੀਗੜ੍ਹ ਰੱਖੀ ਰਸਮ ਕਿਰਿਆ ਅਤੇ ਪਾਠ ਦੇ ਭੋਗ ਵਿੱਚ ਸਾਰਿਆਂ ਨੂੰ ਸ਼ਾਮਲ ਹੋਣ ਦੀ ਬੇਨਤੀ ਕੀਤੀ ਗਈ ਹੈ!ਪਰਿਵਾਰ ਨੇ ਮੁਸੀਬਤ ਵਿੱਚ ਸਾਥ ਦੇਣ ਲਈ ਪੱਤਰਕਾਰ ਭਾਈਚਾਰੇ ਦਾ ਧੰਨਵਾਦ ਕੀਤਾ।

# ਪੁਣਛ ਵਿੱਚ ਆਪਣੀ ਜਾਨ ਗੁਆਉਣ ਵਾਲੇ ਫੌਜੀ ਅਧਿਕਾਰੀ ਨੂੰ ਪੂਰੇ ਸਨਮਾਨ ਨਾਲ ਦਿੱਤੀ ਅੰਤਿਮ ਵਿਦਾਇਗੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਨਵੰਬਰ
INTERNATIONAL PAPER, 94636 01616
hardipchumber57@gmail.com

ਮਲੱਪੁਰਮ : ਜੰਮੂ-ਕਸ਼ਮੀਰ ਦੇ ਪੁੰਛ ਵਿੱਚ ਦੋ ਦਿਨ ਪਹਿਲਾਂ ਜਾਨ ਗਵਾਉਣ ਵਾਲੇ ਫੌਜ ਦੇ ਜੂਨੀਅਰ ਕਮਿਸ਼ਨਡ ਅਫਸਰ (ਜੇ.ਸੀ.ਓ.) ਦਾ ਅੰਤਿਮ ਸੰਸਕਾਰ ਐਤਵਾਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਵਿੱਚ ਪੂਰੇ ਫੌਜੀ ਸਨਮਾਨਾਂ ਨਾਲ ਕੀਤਾ ਗਿਆ।

ਜੇ.ਸੀ.ਓ. ਸਜੀਸ਼ ਕੇ. ਸ਼ੁੱਕਰਵਾਰ ਸ਼ਾਮ ਨੂੰ ਬਹਿਰਾਮਗੱਲਾ ਦੇ ਸੇਰੀ ਮਸਤਾਨ ਖੇਤਰ ਵਿੱਚ ਇੱਕ ਸਰਚ ਪਾਰਟੀ ਦੀ ਅਗਵਾਈ ਕਰ ਰਹੇ ਸਨ ਜਦੋਂ ਉਹ ਢਲਾਣ 'ਤੇ ਚੜ੍ਹਦੇ ਸਮੇਂ ਫਿਸਲ ਗਏ ਅਤੇ ਇੱਕ ਡੂੰਘੀ ਖੱਡ ਵਿੱਚ ਡਿੱਗ ਗਏ।

ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਉਨ੍ਹਾਂ ਦੀ ਲਾਸ਼ ਸ਼ਨੀਵਾਰ ਨੂੰ ਘਰ ਲਿਆਂਦੀ ਗਈ। ਇੰਡੀਅਨ ਯੂਨੀਅਨ ਮੁਸਲਿਮ ਲੀਗ ਦੇ ਰਾਸ਼ਟਰੀ ਜਨਰਲ ਸਕੱਤਰ ਪੀ.ਕੇ. ਕੁਨਹਾਲੀਕੁੱਟੀ ਸਮੇਤ ਸੈਂਕੜੇ ਲੋਕ ਸ਼ਰਧਾਂਜਲੀ



ਦੇਣ ਲਈ ਇਕੱਠੇ ਹੋਏ। ਅੰਤਿਮ ਸੰਸਕਾਰ ਪੂਰੇ ਫੌਜੀ ਸਨਮਾਨਾਂ ਨਾਲ ਕੀਤੇ ਗਏ

# ਬਰੈਂਪਟਨ ਵਿਚ ਕਿਰਾਏ ਦੇ ਘਰ ਨੂੰ ਅੱਗ ਲੱਗੀ; ਤਿੰਨ ਪੰਜਾਬੀਆਂ ਦੀ ਮੌਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਨਵੰਬਰ
INTERNATIONAL PAPER, 94636 01616
hardipchumber57@gmail.com

ਬਰੈਂਪਟਨ ਦੇ ਪੱਛਮੀ ਪਾਸੇ ਬਨਾਸ ਵੇਅ ਸਥਿੱਤ ਇੱਕ ਘਰ ਨੂੰ ਵੀਰਵਾਰ ਰਾਤ ਲੱਗੀ ਅੱਗ ਵਿੱਚ ਕਿਰਾਏ 'ਤੇ ਰਹਿੰਦੇ ਪਰਿਵਾਰ ਦੇ ਤਿੰਨ ਜੀਆਂ ਦੀ ਮੌਤ ਹੋ ਗਈ ਜਦੋਂਕਿ ਗਰਭਵਤੀ ਮਹਿਲਾ ਸਮੇਤ ਚਾਰ ਜਣੇ ਗੰਭੀਰ ਜ਼ਖ਼ਮੀ ਹੋ ਗਏ। ਪੰਜਾਬੀ ਦੱਸੇ ਜਾਂਦੇ ਪਰਿਵਾਰ ਦੇ ਜੀਅ ਲਾਪਤਾ ਹਨ। ਇਸ ਘਰ ਦਾ ਮਕਾਨ ਮਾਲਕ ਵੀ ਪੰਜਾਬੀ ਦੱਸਿਆ ਜਾਂਦਾ ਹੈ।



ਅੱਗ ਬੁਝਾਊ ਅਮਲੇ ਵਲੋਂ ਦੂਜੇ ਦਿਨ ਸ਼ਾਮ ਤੱਕ ਸੜੀ ਇਮਾਰਤ ਦੇ ਮਲਬੇ ਦੀ ਫੋਲਾ ਫਰਾਲੀ ਕਰਕੇ ਲਾਪਤਾ ਜੀਆਂ ਦੀ ਹੋਣੀ ਦਾ ਪਤਾ ਲਾਇਆ ਜਾ ਰਿਹਾ ਹੈ। ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਅਨੁਸਾਰ ਵਿਦੇਸ਼ ਰਹਿੰਦੇ ਮਾਲਕ ਨੇ 2020 ਵਿੱਚ ਘਰ ਵਿੱਚ ਸਬ ਯੂਨਿਟ ਬਣਾਉਣ ਦੀ ਅਰਜ਼ੀ ਦਿੱਤੀ ਸੀ, ਜਿਸ ਦੇ ਨਿਰੀਖਣ ਲਈ ਪਿਛਲੇ ਸਾਲਾਂ ਵਿੱਚ ਜਾਂਚ ਅਧਿਕਾਰੀ ਤਿੰਨ ਚਾਰ ਵਾਰ ਮੌਕੇ 'ਤੇ ਆਏ, ਪਰ ਉੱਥੇ ਰਹਿੰਦੇ ਲੋਕਾਂ ਨੇ ਉਨ੍ਹਾਂ ਨੂੰ ਅੰਦਰ ਨਾ ਜਾਣ ਦਿੱਤਾ।

ਫਾਇਰ ਬ੍ਰੀਗੇਡ ਅਧਿਕਾਰੀ ਨੇ ਦੱਸਿਆ ਕਿ ਰਾਤ ਢਾਈ ਕੁ ਵਜੇ ਅੱਗ ਦੀ ਸੂਚਨਾ ਮਿਲਣ 'ਤੇ ਉਹ ਮੌਕੇ ਉੱਤੇ ਪਹੁੰਚੇ ਤਾਂ ਉਪਰਲੀ ਮੰਜ਼ਲ ਪੂਰੀ ਤਰਾਂ ਅੱਗ ਦੀ ਲਪੇਟ ਵਿੱਚ ਸੀ। ਉਨ੍ਹਾਂ ਤੁਰੰਤ ਆਲੇ ਦੁਆਲੇ ਦੇ ਘਰ ਖਾਲੀ ਕਰਵਾਏ ਅਤੇ ਅੱਗ 'ਤੇ ਕਾਬੂ ਪਾਉਣ ਦੇ ਯਤਨ ਸ਼ੁਰੂ ਕੀਤੇ। ਇਸ ਦੌਰਾਨ ਅੰਦਰੋਂ ਇੱਕ ਬੱਚੇ ਸਮੇਤ ਦੋ ਜਣਿਆਂ ਦੀਆਂ ਲਾਸ਼ਾ ਮਿਲੀਆਂ। ਪਰਿਵਾਰ ਦੇ ਚਾਰ ਜਣੇ ਜਿਨ੍ਹਾਂ ਵਿਚ ਇੱਕ ਗਰਭਵਤੀ ਔਰਤ ਤੇ 5 ਸਾਲ ਦਾ ਬੱਚਾ ਸੀ, ਨੇ ਖਿੜਕੀ ਰਾਹੀਂ ਕੁੱਦ ਕੇ ਜਾਨਾਂ ਤਾਂ ਬਚਾ ਲਈਆਂ, ਪਰ ਗੰਭੀਰ ਜ਼ਖ਼ਮੀ ਹੋ ਗਏ। ਇਨ੍ਹਾਂ ਵਿਚੋਂ ਇੱਕ ਦੀ ਹਾਲਤ ਗੰਭੀਰ ਹੈ। ਅੱਗ ਕਾਰਣ ਜੁੜਵੇਂ ਘਰ ਦੇ ਇਮਾਰਤੀ ਢਾਂਚੇ ਨੂੰ ਕਾਫੀ ਨੁਕਾਸਨ ਪੁੱਜਾ ਹੈ।

ਉਂਟਾਰੀਓ ਦੇ ਮੁੱਖ ਮੰਤਰੀ ਨੇ ਪੀੜਤ ਲੋਕਾਂ ਨਾਲ ਹਮਦਰਦੀ ਪ੍ਰਗਟਾਈ ਹੈ। ਪਰਿਵਾਰ ਦੇ ਕਿਸੇ ਮੈਂਬਰ ਦੀ ਪਛਾਣ ਅਜੇ ਅਧਿਕਾਰਤ ਤੌਰ 'ਤੇ ਜਨਤਕ ਨਹੀਂ ਕੀਤੀ ਗਈ, ਪਰ ਆਂਢ ਗੁਆਂਢ ਤੋਂ ਮਿਲੀ ਜਾਣਕਾਰੀ ਅਨੁਸਾਰ ਉਹ ਪੰਜਾਬੀ ਹਨ ਅਤੇ ਕਈ ਸਾਲਾਂ ਤੋਂ ਕਿਰਾਏ 'ਤੇ ਰਹਿੰਦੇ ਸਨ। ਹੋਰ ਜਾਣਕਾਰੀ ਅਨੁਸਾਰ ਇਹ ਘਰ ਭਾਰਤ ਰਹਿੰਦੇ ਵਿਅਕਤੀ ਨੇ ਆਪਣੇ ਰਿਐਲਟਰ (ਦਲਾਲ) ਰਾਹੀਂ ਨਿਵੇਸ਼ਕ ਵਜੋਂ 6 ਕੁ ਸਾਲ ਪਹਿਲਾਂ ਖਰੀਦ ਕੇ ਲੀਜ਼ (ਕਿਰਾਏ) 'ਤੇ ਦਿੱਤਾ ਸੀ, ਪਰ ਉਹ ਕਦੇ ਨਹੀਂ ਆਇਆ। ਉਸ ਨੇ ਸਾਂਭ ਸੰਭਾਲ ਅਤੇ ਕਿਰਾਏ ਦੀ ਜ਼ਿੰਮੇਵਾਰੀ ਇੱਥੇ ਰਹਿੰਦੇ ਜਾਣਕਾਰ ਨੂੰ ਸੌਂਪੀ ਸੀ।

ਕੁਝ ਲੋਕਾਂ ਨੇ ਦੱਸਿਆ ਕਿ ਪੀੜਤ ਪਰਿਵਾਰ ਨੂੰ ਮਾਲਕ ਬਾਰੇ ਪੁੱਛਣ 'ਤੇ ਉਹ ਕੋਈ ਉੱਘ ਸੁੱਘ ਨਹੀਂ ਸੀ ਕੱਢਦੇ। ਤਫ਼ਤੀਸ਼ਕਾਰਾਂ ਵਲੋਂ ਅਜੇ ਤੱਕ ਅੱਗ ਦੇ ਕਾਰਣਾਂ ਦਾ ਪਤਾ ਨਹੀਂ ਲਾਇਆ ਜਾ ਸਕਿਆ। ਸਰਕਾਰ ਵਲੋਂ ਵਿਦੇਸ਼ ਬੈਠੇ ਮਾਲਕ ਦਾ ਅਤਾ ਪਤਾ ਲਾਉਣ ਲਈ ਉਸ ਦੇ ਸੰਪਰਕਾਂ ਦਾ ਪਤਾ ਲਾਇਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਘਰ ਦਾ ਮਾਲਕ ਪੰਜਾਬ ਦਾ ਸਰਕਾਰੀ ਅਧਿਕਾਰੀ ਹੈ।

# ਪਟਿਆਲਾ ਪੁਲਿਸ ਨੇ ਮੁਕਾਬਲੇ ਮਗਰੋਂ ਬੰਬੀਹਾ ਗੈਂਗ ਦੇ ਦੋ ਸ਼ੂਟਰ ਕੀਤੇ ਗ੍ਰਿਫ਼ਤਾਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਨਵੰਬਰ
INTERNATIONAL PAPER, 94636 01616
hardipchumber57@gmail.com

ਪਟਿਆਲਾ : ਪਟਿਆਲਾ ਪੁਲਿਸ ਨੇ ਅੱਜ ਮੁਕਾਬਲੇ ਤੋਂ ਬਾਅਦ ਬੰਬੀਹਾ ਗੈਂਗ ਦੇ ਦੋ ਸ਼ੂਟਰਾਂ ਨੂੰ ਗ੍ਰਿਫਤਾਰ ਕਰ ਲਿਆ। ਐਸ. ਐਸ. ਪੀ. ਪਟਿਆਲਾ ਵਰੁਣ ਸ਼ਰਮਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਗੁਪਤ ਜਾਣਕਾਰੀ ਮਿਲਣ ਤੋਂ ਬਾਅਦ ਪੁਲਿਸ ਪਾਰਟੀ ਨੇ



ਜਦੋਂ ਇਨ੍ਹਾਂ ਦੋਵੇਂ ਬਦਮਾਸ਼ਾਂ ਦਾ ਪਿੱਛਾ ਕਰਨਾ ਸ਼ੁਰੂ ਕੀਤਾ, ਤਾਂ ਇਨ੍ਹਾਂ ਨੇ ਆਤਮ ਸਮਰਪਣ ਕਰਨ ਦੀ ਬਜਾਏ ਪੁਲਿਸ ਪਾਰਟੀ ਉੱਪਰ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ । ਪੁਲਿਸ ਪਾਰਟੀ ਵੱਲੋਂ ਕੀਤੀ ਗਈ ਜਵਾਬੀ ਫਾਈਰਿੰਗ ਦੌਰਾਨ ਦੋਵੇਂ ਗੈਂਗਸਟਰਾਂ ਦੀ ਲੱਤਾਂ ਵਿਚ ਗੋਲੀਆਂ ਲੱਗੀਆਂ, ਜਿਸ ਪੁਲਿਸ ਨੇ ਮੱਖਣ ਅਤੇ ਬਾਦਸ਼ਾਹ ਨਾਮੀ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮੱਖਣ ਨਾਮੀ ਗੈਂਗਸਟਰ ਪਿੰਡ ਸੈਫਦੀਪੁਰ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ।

ਇਨ੍ਹਾਂ ਕੋਲੋਂ 30 ਬੋਰ ਦੇ ਸਟਾਰ ਵਾਲੇ ਪਿਸਟਲ ਅਤੇ 9 ਐਮ ਦੇ ਕਾਰਤੂਸ ਅਤੇ ਇਕ ਮੋਟਰ ਸਾਈਕਲ ਵੀ ਬਰਾਮਦ ਕੀਤਾ ਗਿਆ । ਮੁੱਢਲੀ ਪੁੱਛਗਿੱਛ ਤੋਂ ਬਾਅਦ ਪਤਾ ਲੱਗਿਆ ਕਿ ਇਨ੍ਹਾਂ ਨੇ ਰਾਜਪੁਰਾ ਦੇ ਵਿੱਚ ਕਿਸੇ ਘਟਨਾ ਨੂੰ ਅੰਜ਼ਾਮ ਦੇਣਾ ਸੀ।

# ਬਠਿੰਡਾ ਜਿਲ੍ਹੇ ਦੇ ਪਿੰਡ ਜੀਦਾ ਵਿੱਚ ਦੋ ਮਹੀਨੇ ਪਹਿਲਾਂ ਹੋਏ ਧਮਾਕੇ ਦੀ ਜਾਂਚ ਐਨਆਈਏ ਨੇ ਤੇਜ਼ ਕੀਤੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਨਵੰਬਰ
INTERNATIONAL PAPER, 94636 01616
hardipchumber57@gmail.com

ਬਠਿੰਡਾ ਜਿਲ੍ਹੇ ਦੇ ਪਿੰਡ ਜੀਦਾ ਵਿੱਚ ਦੋ ਮਹੀਨੇ ਪਹਿਲਾਂ ਹੋਏ ਧਮਾਕੇ ਦੀ ਜਾਂਚ ਐਨਆਈਏ ਨੇ ਤੇਜ਼ ਕਰ ਦਿੱਤੀ ਹੈ। ਜੀਦਾ ਧਮਾਕੇ ਨਾਲ ਜੁੜੇ ਇਸ ਹਾਈਪ੍ਰੋਫਾਈਲ ਮਾਮਲੇ ਦੀ ਜਾਂਚ ਦਿੱਲੀ ਦੇ ਲਾਲ ਕਿਲੇ ਦੇ ਨਜ਼ਦੀਕ ਇੱਕ ਕਾਰ ਵਿੱਚ ਹੋਏ ਵਿਸਫੋਟ ਅਤੇ ਫਰੀਦਾਬਾਦ 'ਚ 360 ਕਿੱਲੋਗ੍ਰਾਮ ਵਿਸਫੋਟਕ ਪਦਾਰਥ ਬਰਾਮਦ ਹੋਣ ਤੋਂ ਬਾਅਦ ਐਨਆਈਏ ਨੂੰ ਸੌਂਪੀ ਗਈ ਹੈ। ਸੂਤਰ ਦੱਸਦੇ ਹਨ ਕਿ ਇੰਨ੍ਹਾਂ ਦੋਵਾਂ ਮਾਮਲਿਆਂ ਦੀ ਰੌਸ਼ਨੀ 'ਚ ਕੇਂਦਰੀ ਜਾਂਚ ਏਜੰਸੀ ਨੇ ਜੀਦਾ ਬਲਾਸਟ ਨੂੰ ਕਿਸੇ ਵੱਡੀ ਅੱਤਵਾਦੀ ਸਾਜਿਸ਼ ਦੇ ਨੈਟਵਰਕ ਨਾਲ ਜੋੜਕੇ ਦੇਖਣ ਲੱਗੀ ਹੈ। ਐਨਆਈਏ ਹੁਣ ਮਾਮਲੇ ਦੀ ਇਸ ਪਹਿਲੂ ਤੋਂ ਜਾਂਚ ਕਰ ਰਹੀ ਹੈ ਕਿ ਗ੍ਰਿਫਤਾਰ ਕਾਨੂੰਨ ਦਾ ਵਿਦਿਆਰਥੀ ਗੁਰਪ੍ਰੀਤ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਜੀਦਾ (19) ਜੰਮੂ ਕਸ਼ਮੀਰ ਤੋਂ ਗ੍ਰਿਫਤਾਰ ਦੋਸ਼ੀਆਂ ਦੇ ਸੰਪਰਕ ਵਿੱਚ ਤਾਂ ਨਹੀਂ ਸੀ। ਗੁਰਪ੍ਰੀਤ ਫਿਲਹਾਲ ਬਠਿੰਡਾ ਦੀ ਕੇਂਦਰੀ ਜੇਲ੍ਹ ਵਿੱਚ ਬੰਦ ਹੈ।



ਆਪਣੀ ਜਾਂਚ ਦਾ ਦਾਇਰਾ ਮੋਕਲਾ ਕਰਦਿਆਂ ਐਨਆਈਏ ਦੀ ਟੀਮ ਸ਼ੁੱਕਰਵਾਰ ਨੂੰ ਪਿੰਡ ਜੀਦਾ 'ਚ ਗੁਰਪ੍ਰੀਤ ਸਿੰਘ ਦੇ ਘਰ ਦੀ ਤਲਾਸ਼ੀ ਲਈ ਅਤੇ ਪ੍ਰੀਵਾਰ ਤੋਂ ਪੁੱਛਗਿਛ ਕਰਨ ਤੋਂ ਬਾਅਦ ਕੁੱਝ ਸਮਾਨ ਆਪਣੇ ਕਬਜੇ 'ਚ ਲੈਕੇ ਵਾਪਿਸ ਚਲੀ ਗਈ। ਇਸੇ ਲੜੀ ਤਹਿਤ ਸ਼ਨੀਵਾਰ ਨੂੰ ਐਨਆਈਏ ਨੇ ਸ੍ਰੀ ਮੁਕਤਸਰ ਸਾਹਿਬ ਜਿਲ੍ਹੇ ਦੇ ਪਿੰਡ ਹਰਾਜ ਵਿੱਚ ਪੰਚਾਇਤ ਮੈਂਬਰ ਰਣਵੀਰ ਸਿੰਘ ਉਰਫ਼ ਇੰਦਰਜੀਤ ਸਿੰਘ ਦੇ ਘਰ ਛਾਪਾ ਮਾਰਿਆ ਹੈ । ਮੈਂਬਰ ਪੰਚਾਇਤ ਰਣਵੀਰ ਸਿੰਘ, ਬਠਿੰਡਾ ਪੁਲਿਸ ਵੱਲੋਂ ਜੀਦਾ ਧਮਾਕੇ ਦੇ ਮੁੱਖ ਦੋਸ਼ੀ ਵਜੋਂ ਨਾਮਜਦ ਗੁਰਪ੍ਰੀਤ ਸਿੰਘ ਦਾ ਮਾਮਾ ਹੈ। ਟੀਮ ਨੇ ਇਸ ਦੌਰਾਨ ਘਰ ਦੀ ਡੂੰਘਾਈ ਨਾਲ ਤਲਾਸ਼ੀ ਲਈ ਅਤੇ ਪ੍ਰੀਵਾਰਕ ਮੈਂਬਰਾਂ ਤੋਂ ਪੁੱਛਗਿਛ ਕੀਤੀ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਮੁਲਜਮ ਗੁਰਪ੍ਰੀਤ ਸਿੰਘ ਦਾ ਸੰਪਰਕ ਕਿੱਥੇ ਕਿੱਥੇ ਸੀ ਅਤੇ ਉਸ ਨੇ ਜੀਦਾ ਵਿਖੇ ਹੋਏ ਧਮਾਕਿਆਂ ਵਾਲੀ ਵਿਸਫੋਟਕ ਸਮੱਗਰੀ ਕਿੱਥੋਂ ਹਾਸਲ ਕੀਤੀ ਸੀ।

ਜਾਣਕਾਰੀ ਅਨੁਸਾਰ ਮੈਂਬਰ ਪੰਚਾਇਤ ਰਣਵੀਰ ਸਿੰਘ ਇਸ ਕਰਕੇ ਵੀ ਐਨਆਈਏ ਦੇ ਨਿਸ਼ਾਨੇ ਤੇ ਸੀ ਕਿਉਂਕਿ ਪੁਲਿਸ ਜਾਂਚ 'ਚ ਸਾਹਮਣੇ ਆਇਆ ਸੀ ਕਿ ਗੁਰਪ੍ਰੀਤ ਵੱਲੋਂ ਘਟਨਾ ਤੋਂ ਤਕਰੀਬਨ ਤਿੰਨ ਮਹੀਨੇ ਪਹਿਲਾਂ ਖਰੀਦਿਆ ਮੋਟਰਸਾਈਕਲ ਅਤੇ ਮੋਬਾਇਲ ਫੋਨ ਮਾਮੇ ਨੇ ਲੈਕੇ ਦਿੱਤਾ ਸੀ। ਪ੍ਰੀਵਾਰ ਵੱਲੋਂ ਪੁੱਛਣ ਤੇ ਉਸ ਨੇ ਇਹ ਗੱਲ ਆਖੀ ਸੀ ਜਦੋਂਕਿ ਉਦੋਂ ਗੁਰਪ੍ਰੀਤ ਦੇ ਮਾਮੇ ਨੇ ਇਸ ਗੱਲੋਂ ਸਾਫ ਇਨਕਾਰ ਕੀਤਾ ਸੀ। ਪਤਾ ਲੱਗਿਆ ਹੈ ਕਿ ਇਸ ਮੌਕੇ ਰਣਵੀਰ ਸਿੰਘ ਦੇ ਘਰ ਤੋਂ ਐਨਆਈਏ ਦੇ ਹੱਥ ਕੋਈ ਠੋਸ ਸਬੂਤ ਨਹੀਂ ਲੱਗੇ ਹਨ। ਸੂਤਰਾਂ ਮੁਤਾਬਕ ਐਨਆਈਏ ਦੀ ਟੀਮ ਜੀਦਾ ਧਮਾਕਿਆਂ ਦੇ ਮਾਮਲੇ ਨੂੰ ਦਿੱਲੀ ਲਾਲ ਕਿਲਾ ਵਿਸਫੋਟ ਨਾਲ ਜੋੜਕੇ ਦੇਖ ਰਹੀ ਹੈ ਜਿਸ ਦਾ ਕਾਰਨ ਜਾਂਚ ਦੌਰਾਨ ਕਈ ਹੈਰਾਨ ਕਰਨ ਵਾਲੀਆਂ ਸਮਾਨਤਾਵਾਂ ਸਾਹਮਣੇ ਆਈਆਂ ਹਨ। ਦਿੱਲੀ 'ਚ ਅੱਤਵਾਦੀ ਡਾਕਟਰ ਉਮਰ ਨੇ ਵਿਸਫੋਟਕ ਸਮੱਗਰੀ ਨਾਲ ਖੁਦ ਨੂੰ ਕਾਰ ਸਮੇਤ ਉਡਾ ਲਿਆ ਸੀ।

ਇਸੇ ਤਰਾਂ ਪੁਲਿਸ ਜਾਂਚ ਦੌਰਾਨ ਖੁਲਾਸਾ ਹੋਇਆ ਸੀ ਕਿ ਗੁਰਪ੍ਰੀਤ ਨੇ ਵੀ ਵਿਸਫੋਟਕ ਸਮੱਗਰੀ ਵਾਲੀ ਬੈਲਟ ਬੰਨ੍ਹਕੇ ਸ੍ਰੀਨਗਰ ਦੇ ਕਠੂਆ 'ਚ ਫੌਜੀ ਕੈਂਪ ਤੇ ਆਤਮਘਾਤੀ ਹਮਲੇ ਦੀ ਯੋਜਨਾ ਬਣਾਈ ਸੀ। ਜਿਸ ਤਰਾਂ ਲਾਲ ਕਿਲੇ ਕੋਲ ਆਤਮਘਾਤੀ ਹਮਲਾ ਕਰਨ ਵਾਲੇ ਡਾਕਟਰ ਉਮਰ ਦਾ ਅੱਤਵਾਦੀ ਜੱਥੇਬੰਦੀ ਜੈਸ਼ ਏ ਮੁਹੰਮਦ ਦੇ ਪਾਕਿਸਤਾਨੀ ਹੈਂਡਲਰ ਨੇ ਪੂਰੀ ਤਰਾਂ ਬਰੇਨ ਵਾਸ਼ ਕਰ ਦਿੱਤਾ ਸੀ , ਠੀਕ ਉਸੇ ਤਰਾਂ ਹੀ ਪਾਕਿਸਤਾਨ ਦੇ ਹੈਂਡਲਰ ਨੇ ਗੁਰਪ੍ਰੀਤ ਸਿੰਘ ਨਾਲ ਵੀ ਕੀਤਾ ਸੀ। ਗੁਰਪ੍ਰੀਤ ਸਿੰਘ ਵੀ ਧਮਾਕੇ ਤੋਂ ਛੇ ਮਹੀਨੇ ਪਹਿਲਾਂ ਘਰ ਤੋਂ ਬਾਹਰ ਨਹੀਂ ਨਿਕਲਿਆ ਸੀ ਜਦੋਂਕਿ ਡਾਕਟਰ ਉਮਰ ਵੀ ਛੇ ਮਹੀਨਿਆਂ ਤੋਂ ਡਿਊਟੀ ਤੋਂ ਗਾਇਬ ਸੀ ਜਿਸ ਦਾ ਬਰੇਨ ਵਾਸ਼ ਆਤਮਘਾਤੀ ਹਮਲੇ ਲਈ ਕੀਤਾ ਗਿਆ ਸੀ। ਪਿੰਡ ਜੀਦਾ 'ਚ ਗੁਰਪ੍ਰੀਤ ਸਿੰਘ ਦੇ ਘਰ ਤੋਂ ਮਿਲੀ ਵਿਸਫੋਟਕ ਸਮੱਗਰੀ 'ਚ ਧਮਾਕੇ ਦਾ ਕਾਰਨ ਉਸ ਤੇ ਗਰਮੀ ਪੈਣਾ ਦੱਸਿਆ ਗਿਆ ਸੀ।

ਠੀਕ ਇਸੇ ਤਰਾਂ ਸ੍ਰੀਨਗਰ ਦੇ ਥਾਣੇ ਵਿੱਚ ਹੋਇਆ ਸੀ ਜਿੱਥੇ ਵਿਸਫੋਟਕ ਪਦਾਰਥਾਂ ਦਾ ਸੈਂਪਲ ਲੈਣ ਵੇਲੇ ਤੇਜ ਰੌਸ਼ਨੀ ਅਤੇ ਗਰਮੀ ਕਾਰਨ ਧਮਾਕਾ ਹੋ ਗਿਆ ਸੀ। ਏਦਾਂ ਹੀ 10 ਸਤੰਬਰ 2025 ਨੂੰ ਗੁਰਪ੍ਰੀਤ ਦੇ ਘਰ ਹੋਏ ਧਮਾਕੇ ਐਨੇ ਜਬਰਦਸਤ ਸਨ ਕਿ ਉਨ੍ਹਾਂ ਨਾਲ ਪੂਰੇ ਘਰ ਨੂੰ ਹਿਲਾਕੇ ਰੱਖ ਦਿੱਤਾ ਸੀ ਜਦੋਂਕਿ ਸ਼ੀਨਗਰ ਥਾਣੇ 'ਚ ਹੋਏ ਵਿਸਫੋਟ ਕਾਰਨ ਸਮੁੱਚੀ ਇਮਾਰਤ ਤਬਾਹ ਹੋ ਗਈ ਸੀ ਅਤੇ ਵੱਡੀ ਗਿਣਤੀ ਮੁਲਾਜਮ ਮੌਤ ਦੇ ਮੂੰਹ ਜਾ ਪਏ ਸਨ। ਮੰਨਿਆ ਜਾ ਰਿਹਾ ਹੈ ਕਿ ਇਸ ਤਰਾਂ ਦੋਵਾਂ ਮਾਮਲਿਆਂ ਦੀ ਕੱਲੀ ਕੱਲੀ ਸਮਾਨਤਾ ਕਿਸੇ ਵੱਡੇ ਅੱਤਵਾਦੀ ਮਾਡਿਊਲ ਦੀਆਂ ਸਰਗਰਮੀਆਂ ਦਾ ਸੰਕੇਤ ਹੈ। ਗੁਰਪ੍ਰੀਤ ਨੇ ਵੱਖ ਵੱਖ ਆਨਲਾਈਨ ਸਾਈਟਾਂ ਰਾਹੀਂ ਪੰਜ ਪ੍ਰਕਾਰ ਦੇ ਕੈਮੀਕਲ ਪਿਕਰਿਕ ਐਸਿਡ, ਅਮੋਨੀਅਮ ਨਾਈਟਰੇਟ, ਅਮੋਨੀਅਮ ਸਲਫੇਟ, ਲੈਡ ਨਾਈਟਰੇਟਅਤੇ ਫਾਸਫੋਰਸ ਪੈਂਟਾਅਕਸਾਈਡ ਮੰਗਵਾਏ ਸਨ ਜਿੰਨ੍ਹਾਂ ਨਾਲ ਗੁਰਪ੍ਰੀਤ ਵਿਸਫੋਟਕ ਬਣਾ ਰਿਹਾ ਸੀ ਜਿਸ ਕਰਕੇ ਧਮਾਕਾ ਹੋ ਗਿਆ ਸੀ

## ਪਾਕਿ ਅੱਤਵਾਦੀ ਤੋਂ ਪ੍ਰਭਾਵਿਤ

ਜਾਂਚ ਵਿੱਚ ਸਾਹਮਣੇ ਆਇਆ ਕਿ ਗੁਰਪ੍ਰੀਤ ਸੋਸ਼ਲ ਮੀਡੀਆ ਰਾਹੀਂ ਪਕਿਸਤਾਨੀ ਦਹਿਸ਼ਤਗਰਦ ਮੌਲਾਨਾ ਮਸੂਦ ਅਜ਼ਹਰ ਤੋਂ ਪ੍ਰਭਾਵਿਤ ਹੈ। ਗੁਰਪ੍ਰੀਤ ਸਿੰਘ ਦੇ ਮੋਬਾਇਲ ਫੋਨ ਚੋਂ ਮਸੂਦ ਅਜ਼ਹਰ ਦੇ ਸੰਪਰਕ ਨੰਬਰ ਸਮੇਤ ਪਾਕਿਸਤਾਨ ਦੇ ਹੋਰ ਕਈ ਅੱਤਵਾਦੀਆਂ ਦੇ ਮੋਬਾਇਲ ਨੰਬਰ ਮਿਲਣ ਦੀ ਗੱਲ ਵੀ ਸਾਹਮਣੇ ਆਈ ਸੀ। ਉਦੋਂ ਐਸਐਸਪੀ ਅਮਨੀਤ ਕੌਂਡਲ ਨੇ ਦੱਸਿਆ ਸੀ ਕਿ ਗੁਰਪ੍ਰੀਤ ਦੇ ਫੋਨ ਚੋਂ ਪਾਕਿਸਤਾਨੀ ਮੁਸਲਿਮ ਦਹਿਸ਼ਤਗਰਦਾਂ ਅਤੇ ਧਮਾਕੇ ਲਈ ਸਮਾਨ ਬਨਾਉਣ ਦੇ ਵੀਡੀਓ ਮਿਲੇ ਹਨ ਜੋ ਉਹ ਦੇਖਦਾ ਰਿਹਾ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਨਵੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਸੰਵਿਧਾਨ ਸਭਾ ਵਿੱਚ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦਾ ਭਾਸ਼ਣ, ਨਵੰਬਰ 1949

ਸ਼੍ਰੀਮਾਨ ਜੀ, ਜੇਕਰ ਅਸੀਂ ਸੰਵਿਧਾਨ ਸਭਾ ਦੇ ਕੰਮ ਵੱਲ ਝਾਤ ਮਾਰੀਏ, ਤਾਂ 9 ਦਸੰਬਰ, 1946 ਨੂੰ ਆਪਣੀ ਪਹਿਲੀ ਮੀਟਿੰਗ ਤੋਂ ਹੁਣ ਤੱਕ ਦੋ ਸਾਲ, ਗਿਆਰਾਂ ਮਹੀਨੇ ਅਤੇ ਸਤਾਰਾਂ ਦਿਨ ਹੋ ਗਏ ਹਨ। ਇਸ ਸਮੇਂ ਦੌਰਾਨ, ਸੰਵਿਧਾਨ ਸਭਾ ਨੇ ਕੁੱਲ ਗਿਆਰਾਂ ਸੈਸ਼ਨ ਕੀਤੇ। ਇਨ੍ਹਾਂ ਗਿਆਰਾਂ ਸੈਸ਼ਨਾਂ ਵਿੱਚੋਂ, ਪਹਿਲੇ ਛੇ ਸੈਸ਼ਨ ਉਦੇਸ਼ ਮਤੇ



ਨੂੰ ਪਾਸ ਕਰਨ ਅਤੇ ਮੌਲਿਕ ਅਧਿਕਾਰਾਂ, ਸੰਘੀ ਸੰਵਿਧਾਨ, ਸੰਘੀ ਸ਼ਕਤੀਆਂ, ਸੂਬਾਈ ਸੰਵਿਧਾਨ, ਘੱਟ ਗਿਣਤੀਆਂ ਅਤੇ ਅਨੁਸੂਚਿਤ ਖੇਤਰਾਂ ਅਤੇ ਅਨੁਸੂਚਿਤ ਕਬੀਲਿਆਂ ਬਾਰੇ ਕਮੇਟੀਆਂ ਦੀਆਂ ਰਿਪੋਰਟਾਂ 'ਤੇ ਵਿਚਾਰ ਕਰਨ 'ਤੇ ਖਰਚ ਕੀਤੇ ਗਏ ਸਨ। ਸੱਤਵੇਂ, ਅੱਠਵੇਂ, ਨੌਵੇਂ, ਦਸਵੇਂ ਅਤੇ ਗਿਆਰਵੇਂ ਸੈਸ਼ਨ ਸੰਵਿਧਾਨ ਦੇ ਖਰੜੇ 'ਤੇ ਵਿਚਾਰ ਕਰਨ ਲਈ ਸਮਰਪਿਤ ਸਨ। ਸੰਵਿਧਾਨ ਸਭਾ ਦੇ ਇਹ ਗਿਆਰਾਂ ਸੈਸ਼ਨ 165 ਦਿਨ ਚੱਲੇ। ਇਨ੍ਹਾਂ ਵਿੱਚੋਂ, ਵਿਧਾਨ ਸਭਾ ਨੇ ਸੰਵਿਧਾਨ ਦੇ ਖਰੜੇ 'ਤੇ ਵਿਚਾਰ ਕਰਨ ਵਿੱਚ 114 ਦਿਨ ਬਿਤਾਏ।

ਡਰਾਫਟ ਕਮੇਟੀ ਦੇ ਸੰਬੰਧ ਵਿੱਚ, ਇਸਨੂੰ ਸੰਵਿਧਾਨ ਸਭਾ ਦੁਆਰਾ 29 ਅਗਸਤ, 1947 ਨੂੰ ਚੁਣਿਆ ਗਿਆ ਸੀ। ਇਸਦੀ ਪਹਿਲੀ ਮੀਟਿੰਗ 30 ਅਗਸਤ ਨੂੰ ਹੋਈ ਸੀ। ਇਸਦੀ ਮੀਟਿੰਗ 30 ਅਗਸਤ ਤੋਂ ਸ਼ੁਰੂ ਹੋ ਕੇ 141 ਦਿਨਾਂ ਤੱਕ ਹੋਈ ਸੀ, ਅਤੇ ਇਸ ਸਮੇਂ ਦੌਰਾਨ, ਇਹ ਸੰਵਿਧਾਨ ਦਾ ਖਰੜਾ ਤਿਆਰ ਕਰਨ ਵਿੱਚ ਰੁੱਝੀ ਰਹੀ। ਸੰਵਿਧਾਨਕ ਸਲਾਹਕਾਰ ਦੁਆਰਾ ਡਰਾਫਟ ਕਮੇਟੀ ਦੇ ਕੰਮ ਕਰਨ ਲਈ ਇੱਕ ਪਾਠ ਦੇ ਰੂਪ ਵਿੱਚ ਤਿਆਰ ਕੀਤੇ ਗਏ ਡਰਾਫਟ ਸੰਵਿਧਾਨ ਵਿੱਚ 243 ਧਾਰਾਵਾਂ ਅਤੇ 13 ਅਨੁਸੂਚੀਆਂ ਸਨ। ਡਰਾਫਟ ਕਮੇਟੀ ਦੁਆਰਾ ਸੰਵਿਧਾਨ ਸਭਾ ਨੂੰ ਪੇਸ਼ ਕੀਤੇ ਗਏ ਪਹਿਲੇ ਡਰਾਫਟ ਸੰਵਿਧਾਨ ਵਿੱਚ 315 ਧਾਰਾਵਾਂ ਅਤੇ 8 ਅਨੁਸੂਚੀਆਂ ਸਨ। ਵਿਚਾਰ-ਵਟਾਂਦਰੇ ਦੇ ਪੜਾਅ ਦੇ ਅੰਤ ਤੱਕ, ਡਰਾਫਟ ਸੰਵਿਧਾਨ ਵਿੱਚ ਧਾਰਾਵਾਂ ਦੀ ਗਿਣਤੀ 386 ਹੋ ਗਈ। ਇਸਦੇ ਅੰਤਮ ਰੂਪ ਵਿੱਚ, ਡਰਾਫਟ ਸੰਵਿਧਾਨ ਵਿੱਚ 395 ਧਾਰਾਵਾਂ ਅਤੇ 8 ਅਨੁਸੂਚੀਆਂ ਹਨ। ਡਰਾਫਟ ਸੰਵਿਧਾਨ ਵਿੱਚ ਪੇਸ਼ ਕੀਤੀਆਂ ਗਈਆਂ ਸੋਧਾਂ ਦੀ ਕੁੱਲ ਗਿਣਤੀ ਲਗਭਗ 7,635 ਸੀ।

ਮੈਂ ਇਹਨਾਂ ਤੱਥਾਂ ਦਾ ਜ਼ਿਕਰ ਇਸ ਲਈ ਕਰ ਰਿਹਾ ਹਾਂ ਕਿਉਂਕਿ ਇੱਕ ਸਮਾਂ ਸੀ ਜਦੋਂ ਇਹ ਕਿਹਾ ਜਾਂਦਾ ਸੀ ਕਿ ਸੰਵਿਧਾਨ ਸਭਾ ਆਪਣਾ ਕੰਮ ਪੂਰਾ ਕਰਨ ਵਿੱਚ ਬਹੁਤ ਸਮਾਂ ਲੈ ਰਹੀ ਸੀ, ਸਮਾਂ ਬਰਬਾਦ ਕਰ ਰਹੀ ਸੀ ਅਤੇ ਜਨਤਕ ਪੈਸਾ ਬਰਬਾਦ ਕਰ ਰਹੀ ਸੀ। ਇਸਦੀ ਤੁਲਨਾ ਨੀਰੋ ਵੱਲੋਂ ਰੋਮ ਸੜਦੇ ਸਮੇਂ ਆਪਣੀ ਬੰਸਰੀ ਵਜਾਉਣ ਨਾਲ ਕੀਤੀ ਗਈ ਸੀ। ਕੀ ਇਸ ਸ਼ਿਕਾਇਤ ਦਾ ਕੋਈ ਜਾਇਜ਼ ਹੈ? ਆਓ ਦੂਜੇ ਦੇਸ਼ਾਂ ਵਿੱਚ ਸੰਵਿਧਾਨ ਤਿਆਰ ਕਰਨ ਲਈ ਨਿਯੁਕਤ ਸੰਵਿਧਾਨਕ ਅਸੈਂਬਲੀਆਂ ਦੁਆਰਾ ਲਏ ਗਏ ਸਮੇਂ 'ਤੇ ਵਿਚਾਰ ਕਰੀਏ। ਕੁਝ ਉਦਾਹਰਣਾਂ ਲਈ, ਅਮਰੀਕੀ ਕਨਵੈਨਸ਼ਨ 25 ਮਈ, 1787 ਨੂੰ ਮਿਲੀ, ਅਤੇ ਆਪਣਾ ਕੰਮ 17 ਸਤੰਬਰ, 1787 ਨੂੰ ਚਾਰ ਮਹੀਨਿਆਂ ਦੇ ਅੰਦਰ ਪੂਰਾ ਕਰ ਲਿਆ। ਕੈਨੇਡੀਅਨ ਸੰਵਿਧਾਨਕ ਕਨਵੈਨਸ਼ਨ 10 ਅਕਤੂਬਰ, 1864 ਨੂੰ ਮਿਲੀ, ਅਤੇ ਸੰਵਿਧਾਨ ਮਾਰਚ 1867 ਵਿੱਚ ਕਾਨੂੰਨ ਬਣ ਗਿਆ, ਦੋ ਸਾਲ ਅਤੇ ਪੰਜ ਮਹੀਨਿਆਂ ਦੀ ਮਿਆਦ। ਆਸਟ੍ਰੇਲੀਆਈ ਸੰਵਿਧਾਨਕ ਕਨਵੈਨਸ਼ਨ ਮਾਰਚ 1891 ਵਿੱਚ ਮਿਲੀ, ਅਤੇ ਸੰਵਿਧਾਨ 9 ਜੁਲਾਈ, 1900 ਨੂੰ ਕਾਨੂੰਨ ਬਣ ਗਿਆ, ਨੌਂ ਸਾਲਾਂ ਦੀ ਮਿਆਦ। ਦੱਖਣੀ ਅਫ਼ਰੀਕੀ ਕਨਵੈਨਸ਼ਨ ਅਕਤੂਬਰ 1908 ਵਿੱਚ ਮਿਲੀ, ਅਤੇ ਸੰਵਿਧਾਨ 20 ਸਤੰਬਰ, 1909 ਨੂੰ ਇੱਕ ਸਾਲ ਦੀ ਮਿਹਨਤ ਤੋਂ ਬਾਅਦ ਕਾਨੂੰਨ ਬਣ ਗਿਆ। ਇਹ ਸੱਚ ਹੈ ਕਿ ਅਸੀਂ ਅਮਰੀਕੀ ਜਾਂ ਦੱਖਣੀ ਅਫ਼ਰੀਕੀ ਕਨਵੈਨਸ਼ਨਾਂ ਨਾਲੋਂ ਜ਼ਿਆਦਾ ਸਮਾਂ ਲਿਆ। ਪਰ ਅਸੀਂ ਕੈਨੇਡੀਅਨ ਕਨਵੈਨਸ਼ਨ ਤੋਂ ਜ਼ਿਆਦਾ ਸਮਾਂ ਨਹੀਂ ਲਿਆ ਅਤੇ ਆਸਟ੍ਰੇਲੀਆਈ ਕਨਵੈਨਸ਼ਨ ਤੋਂ ਬਹੁਤ ਘੱਟ। ਸਮੇਂ ਦੀ ਤੁਲਨਾ ਕਰਦੇ ਸਮੇਂ, ਦੋ ਗੱਲਾਂ ਯਾਦ ਰੱਖਣੀਆਂ ਚਾਹੀਦੀਆਂ ਹਨ। ਇੱਕ ਇਹ ਕਿ ਸੰਯੁਕਤ ਰਾਜ, ਕੈਨੇਡਾ, ਦੱਖਣੀ ਅਫ਼ਰੀਕਾ ਅਤੇ ਆਸਟ੍ਰੇਲੀਆ ਦੇ ਸੰਵਿਧਾਨ ਸਾਡੇ ਸੰਵਿਧਾਨ ਨਾਲੋਂ ਬਹੁਤ ਛੋਟੇ ਹਨ। ਜਿਵੇਂ ਕਿ ਮੈਂ ਕਿਹਾ, ਸਾਡੇ ਸੰਵਿਧਾਨ ਵਿੱਚ 395 ਧਾਰਾਵਾਂ ਹਨ, ਜਦੋਂ ਕਿ ਅਮਰੀਕੀ ਸੰਵਿਧਾਨ ਵਿੱਚ ਸਿਰਫ਼ ਸੱਤ ਹਨ, ਜਿਨ੍ਹਾਂ ਵਿੱਚੋਂ ਪਹਿਲੇ ਚਾਰ 21 ਧਾਰਾਵਾਂ ਵਿੱਚ ਵੰਡੇ ਹੋਏ ਹਨ, ਕੁੱਲ 147। ਕੈਨੇਡੀਅਨ ਸੰਵਿਧਾਨ ਵਿੱਚ 147, ਆਸਟ੍ਰੇਲੀਆਈ ਸੰਵਿਧਾਨ ਵਿੱਚ 128, ਅਤੇ ਦੱਖਣੀ ਅਫ਼ਰੀਕੀ ਸੰਵਿਧਾਨ ਵਿੱਚ 153 ਹਨ। ਦੂਜਾ, ਇਹ ਯਾਦ ਰੱਖਣ ਯੋਗ ਹੈ ਕਿ ਸੰਯੁਕਤ ਰਾਜ, ਕੈਨੇਡਾ, ਆਸਟ੍ਰੇਲੀਆ ਅਤੇ ਦੱਖਣੀ ਅਫ਼ਰੀਕਾ ਦੇ ਸੰਵਿਧਾਨਾਂ ਦੇ ਨਿਰਮਾਤਾਵਾਂ ਨੂੰ ਸੋਧਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ। ਉਨ੍ਹਾਂ ਨੂੰ ਪ੍ਰਸਤਾਵਿਤ ਅਨੁਸਾਰ ਪਾਸ ਕੀਤਾ ਗਿਆ ਸੀ। ਦੂਜੇ ਪਾਸੇ, ਇਸ ਸੰਵਿਧਾਨ ਸਭਾ ਨੂੰ 2,473 ਸੋਧਾਂ ਨਾਲ ਨਜਿੱਠਣਾ ਪਿਆ। ਇਨ੍ਹਾਂ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਮੈਨੂੰ ਦੇਰੀ ਦਾ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਲੱਗਦਾ ਹੈ, ਅਤੇ ਇਹ ਸਭਾ ਇੰਨੇ ਘੱਟ ਸਮੇਂ ਵਿੱਚ ਇੰਨੇ ਮੁਸ਼ਕਲ ਕੰਮ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਵਧਾਈ ਦੇ ਸਕਦੀ ਹੈ।

ਡਰਾਫਟ ਕਮੇਟੀ ਦੁਆਰਾ ਕੀਤੇ ਗਏ ਕੰਮ ਦੀ ਗੁਣਵੱਤਾ ਦੇ ਸੰਬੰਧ ਵਿੱਚ, ਸ਼੍ਰੀ ਨਜ਼ੀਰੂਦੀਨ ਅਹਿਮਦ ਨੇ ਇਸਦੀ ਸਖ਼ਤ ਨਿੰਦਾ ਕਰਨਾ ਆਪਣਾ ਫਰਜ਼ ਸਮਝਿਆ। ਉਨ੍ਹਾਂ ਦੀ ਰਾਏ ਵਿੱਚ, ਡਰਾਫਟ ਕਮੇਟੀ ਦੁਆਰਾ ਕੀਤਾ ਗਿਆ ਕੰਮ ਨਾ ਸਿਰਫ਼ ਫਲਦਾਇਕ ਸੀ, ਸਗੋਂ ਨਿਸ਼ਚਿਤ ਤੌਰ 'ਤੇ ਇੱਕ ਮਾੜੇ ਮਿਆਰ ਦਾ ਸੀ। ਹਰ ਕਿਸੇ ਨੂੰ ਡਰਾਫਟ ਕਮੇਟੀ ਦੁਆਰਾ ਕੀਤੇ ਗਏ ਕੰਮ ਬਾਰੇ ਆਪਣੀ ਰਾਏ ਪ੍ਰਗਟ ਕਰਨ ਦਾ ਅਧਿਕਾਰ ਹੈ, ਅਤੇ ਸ਼੍ਰੀ ਨਜ਼ੀਰੂਦੀਨ ਨੂੰ ਆਪਣਾ ਹੱਕ ਹੈ। ਸ਼੍ਰੀ ਨਜ਼ੀਰੂਦੀਨ ਅਹਿਮਦ ਦਾ ਮੰਨਣਾ ਹੈ ਕਿ ਉਹ ਡਰਾਫਟ ਕਮੇਟੀ ਦੇ ਕਿਸੇ ਵੀ ਮੈਂਬਰ ਨਾਲੋਂ ਕਿਤੇ ਜ਼ਿਆਦਾ ਪ੍ਰਤਿਭਾਸ਼ਾਲੀ ਹਨ। ਜੇਕਰ ਸੰਵਿਧਾਨ ਸਭਾ ਨੇ ਉਨ੍ਹਾਂ ਨੂੰ ਮੈਂਬਰ ਵਜੋਂ ਨਿਯੁਕਤੀ ਦੇ ਯੋਗ ਸਮਝਿਆ ਹੁੰਦਾ, ਤਾਂ ਡਰਾਫਟ ਕਮੇਟੀ ਉਨ੍ਹਾਂ ਦਾ ਸਵਾਗਤ ਕਰਦੀ। ਜੇਕਰ ਸੰਵਿਧਾਨ ਦੇ ਡਰਾਫਟ ਵਿੱਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਹੁੰਦੀ, ਤਾਂ ਇਹ ਡਰਾਫਟ ਕਮੇਟੀ ਦੀ ਗਲਤੀ ਨਹੀਂ ਹੈ।

ਸ਼੍ਰੀ ਨਜ਼ੀਰੂਦੀਨ ਅਹਿਮਦ ਨੇ ਡਰਾਫਟ ਕਮੇਟੀ ਲਈ ਇੱਕ ਨਵਾਂ ਨਾਮ ਦਿੱਤਾ ਹੈ, ਜੋ ਕਿ ਇਸ ਪ੍ਰਤੀ ਆਪਣੀ ਨਫ਼ਰਤ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ। ਉਹ ਇਸਨੂੰ "ਡ੍ਰੀਫਟਿੰਗ ਕਮੇਟੀ" ਕਹਿੰਦੇ ਹਨ। ਸ਼੍ਰੀ ਨਜ਼ੀਰੂਦੀਨ ਬਿਨਾਂ ਸ਼ੱਕ ਇਸ ਕੋਸ਼ਿਸ਼ ਤੋਂ ਖੁਸ਼ ਹੋਣਗੇ। ਪਰ ਉਹ ਸਪੱਸ਼ਟ ਤੌਰ 'ਤੇ ਇਹ ਨਹੀਂ ਸਮਝਦੇ ਕਿ ਮੁਹਾਰਤ ਤੋਂ ਬਿਨਾਂ ਵਹਿਣ ਅਤੇ ਮੁਹਾਰਤ ਨਾਲ ਵਹਿਣ ਵਿੱਚ ਕੋਈ ਅੰਤਰ ਹੈ। ਜੇਕਰ ਡਰਾਫਟ ਕਮੇਟੀ ਭਟਕ ਜਾਂਦੀ, ਤਾਂ ਇਹ ਕਦੇ ਵੀ ਸਥਿਤੀ ਦੇ ਨਿਯੰਤਰਣ ਤੋਂ ਬਿਨਾਂ ਨਹੀਂ ਸੀ। ਇਹ ਸਿਰਫ਼ ਮੱਛੀਆਂ ਫੜਨ ਦੀ ਸੰਭਾਵਨਾ ਲਈ ਮੱਛੀਆਂ ਫੜਨ ਦੀ ਕੋਸ਼ਿਸ਼ ਨਹੀਂ ਕਰ ਰਹੀ ਸੀ। ਇਹ ਉਸ ਮੱਛੀ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੀ ਸੀ ਜਿਸਦੀ ਉਹ ਜਾਣੇ-ਪਛਾਣੇ ਪਾਣੀਆਂ ਵਿੱਚ ਭਾਲ ਕਰ ਰਹੀ ਸੀ। ਕੁਝ ਬਿਹਤਰ ਦੀ ਭਾਲ ਕਰਨਾ ਵਹਿਣ ਦੇ ਸਮਾਨ ਨਹੀਂ ਹੈ। ਹਾਲਾਂਕਿ ਸ਼੍ਰੀ ਨਜ਼ੀਰੂਦੀਨ ਅਹਿਮਦ ਦਾ ਡਰਾਫਟ ਕਮੇਟੀ ਦੀ ਪ੍ਰਸ਼ੰਸਾ ਕਰਨ ਦਾ ਇਰਾਦਾ ਨਹੀਂ ਸੀ, ਮੈਂ ਇਸਨੂੰ ਡਰਾਫਟ ਕਮੇਟੀ ਦੀ ਪ੍ਰਸ਼ੰਸਾ ਵਜੋਂ ਲੈਂਦਾ ਹਾਂ। ਡਰਾਫਟ ਕਮੇਟੀ ਡਿਊਟੀ ਪ੍ਰਤੀ ਘੋਰ ਲਾਪਰਵਾਹੀ ਅਤੇ ਝੂਠੀ ਇੱਜ਼ਤ ਦੀ ਦੋਸ਼ੀ ਹੁੰਦੀ ਜੇਕਰ ਇਸਨੇ ਇਮਾਨਦਾਰੀ ਅਤੇ ਹਿੰਮਤ ਨਾ ਦਿਖਾਈ ਹੁੰਦੀ ਕਿ ਉਹ ਉਹਨਾਂ ਸੋਧਾਂ ਨੂੰ ਵਾਪਸ ਲੈ ਲੈਂਦੀ ਜਿਨ੍ਹਾਂ ਨੂੰ ਉਹ ਨੁਕਸਦਾਰ ਮੰਨਦੀ ਸੀ ਅਤੇ ਉਹਨਾਂ ਨੂੰ ਬਿਹਤਰ ਮੰਨਦੀ ਸੀ। ਜੇਕਰ ਇਹ ਗਲਤੀ ਹੈ, ਤਾਂ ਮੈਨੂੰ ਖੁਸ਼ੀ ਹੈ ਕਿ ਡਰਾਫਟ ਕਮੇਟੀ ਨੇ ਅਜਿਹੀਆਂ ਗਲਤੀਆਂ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਨੂੰ ਸੁਧਾਰਨ ਲਈ ਅੱਗੇ ਆਉਣ ਤੋਂ ਝਿਜਕਿਆ ਨਹੀਂ।

ਮੈਨੂੰ ਇਹ ਜਾਣ ਕੇ ਖੁਸ਼ੀ ਹੋ ਰਹੀ ਹੈ ਕਿ ਕੁਝ ਕੁ ਨੂੰ ਛੱਡ ਕੇ, ਸੰਵਿਧਾਨ ਸਭਾ ਦੇ ਸਾਰੇ ਮੈਂਬਰ ਡਰਾਫਟ ਕਮੇਟੀ ਦੁਆਰਾ ਕੀਤੇ ਗਏ ਕੰਮ ਦੀ ਪ੍ਰਸ਼ੰਸਾ ਵਿੱਚ ਇੱਕਮਤ ਹਨ। ਮੈਨੂੰ ਯਕੀਨ ਹੈ ਕਿ ਡਰਾਫਟ ਕਮੇਟੀ ਆਪਣੇ ਯਤਨਾਂ ਦੀ ਇਸ ਉਦਾਰ ਅਤੇ ਸਵੈ-ਇੱਛਾ ਨਾਲ ਕੀਤੀ ਗਈ ਸਵੀਕ੍ਰਿਤੀ ਤੋਂ ਖੁਸ਼ ਹੋਵੇਗੀ। ਡਰਾਫਟ ਕਮੇਟੀ ਦੇ ਮੈਂਬਰਾਂ ਅਤੇ ਮੇਰੇ ਸਾਥੀਆਂ ਦੁਆਰਾ ਮੈਨੂੰ ਦਿੱਤੀ ਗਈ ਪ੍ਰਸ਼ੰਸਾ ਤੋਂ ਮੈਂ ਇੰਨਾ ਪ੍ਰਭਾਵਿਤ ਹਾਂ ਕਿ ਮੇਰੇ ਕੋਲ ਆਪਣਾ ਧੰਨਵਾਦ ਪ੍ਰਗਟ ਕਰਨ ਲਈ ਕਾਫ਼ੀ ਸ਼ਬਦ ਨਹੀਂ ਹਨ। ਮੈਂ ਸੰਵਿਧਾਨ ਸਭਾ ਵਿੱਚ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਦੀ ਰੱਖਿਆ ਕਰਨ ਤੋਂ ਵੱਡੀ ਕੋਈ ਇੱਛਾ ਨਹੀਂ ਲੈ ਕੇ ਆਇਆ ਸੀ। ਮੈਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਮੈਨੂੰ ਹੋਰ ਵੀ ਜ਼ਿੰਮੇਵਾਰ ਕੰਮ ਕਰਨ ਲਈ ਕਿਹਾ ਜਾਵੇਗਾ। ਇਸ ਲਈ, ਜਦੋਂ ਅਸੈਂਬਲੀ ਨੇ ਮੈਨੂੰ ਡਰਾਫਟ ਕਮੇਟੀ ਲਈ ਚੁਣਿਆ ਤਾਂ ਮੈਂ ਬਹੁਤ ਹੈਰਾਨ ਹੋਇਆ। ਜਦੋਂ ਡਰਾਫਟ ਕਮੇਟੀ ਨੇ ਮੈਨੂੰ ਆਪਣਾ ਚੇਅਰਮੈਨ ਚੁਣਿਆ ਤਾਂ ਮੈਂ ਹੋਰ ਵੀ ਹੈਰਾਨ ਹੋਇਆ। ਡਰਾਫਟ ਕਮੇਟੀ ਵਿੱਚ ਕੁਝ ਲੋਕ ਸਨ ਜੋ ਮੇਰੇ ਤੋਂ ਵੱਡੇ, ਬਿਹਤਰ ਅਤੇ ਵਧੇਰੇ ਸਮਰੱਥ ਸਨ, ਜਿਵੇਂ ਕਿ ਮੇਰਾ ਦੋਸਤ ਸਰ ਅੱਲਾਦੀ ਕ੍ਰਿਸ਼ਨਾਸਵਾਮੀ ਅੱਯਾਰ। ਮੈਂ ਸੰਵਿਧਾਨ ਸਭਾ ਅਤੇ ਡਰਾਫਟ ਕਮੇਟੀ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮੇਰੇ ਵਿੱਚ ਇੰਨਾ ਵਿਸ਼ਵਾਸ ਅਤੇ ਵਿਸ਼ਵਾਸ ਦਿਖਾਇਆ, ਮੈਨੂੰ ਆਪਣਾ ਸਾਧਨ ਚੁਣਿਆ, ਅਤੇ ਮੈਨੂੰ ਦੇਸ਼ ਦੀ ਸੇਵਾ ਕਰਨ ਦਾ ਇਹ ਮੌਕਾ ਦਿੱਤਾ। (ਤਾੜੀਆਂ।)

ਮੈਨੂੰ ਦਿੱਤਾ ਗਿਆ ਸਿਹਰਾ ਅਸਲ ਵਿੱਚ ਮੇਰਾ ਨਹੀਂ ਹੈ। ਕੁਝ ਸਿਹਰਾ ਸੰਵਿਧਾਨ ਸਭਾ ਦੇ ਸੰਵਿਧਾਨਕ ਸਲਾਹਕਾਰ ਸਰ ਬੀ.ਐਨ. ਰਾਓ ਨੂੰ ਵੀ ਜਾਂਦਾ ਹੈ, ਜਿਨ੍ਹਾਂ ਨੇ ਡਰਾਫਟ ਕਮੇਟੀ ਦੇ ਵਿਚਾਰ ਲਈ ਸੰਵਿਧਾਨ ਦਾ ਇੱਕ ਮੋਟਾ ਖਰੜਾ ਤਿਆਰ ਕੀਤਾ। ਕੁਝ ਸਿਹਰਾ ਡਰਾਫਟ ਕਮੇਟੀ ਦੇ ਮੈਂਬਰਾਂ ਨੂੰ ਵੀ ਜਾਂਦਾ ਹੈ, ਜਿਨ੍ਹਾਂ ਨੇ, ਜਿਵੇਂ ਕਿ ਮੈਂ ਕਿਹਾ, 141 ਦਿਨਾਂ ਤੱਕ ਮੁਲਾਕਾਤ ਕੀਤੀ ਅਤੇ ਨਵੇਂ ਫਾਰਮੂਲੇ ਬਣਾਉਣ ਦੀ ਉਨ੍ਹਾਂ ਦੀ ਮੁਹਾਰਤ ਅਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਸਹਿਣ ਅਤੇ ਅਨੁਕੂਲਿਤ ਕਰਨ ਦੀ ਯੋਗਤਾ ਤੋਂ ਬਿਨਾਂ, ਸੰਵਿਧਾਨ ਨਿਰਮਾਣ ਦਾ ਕੰਮ ਇੰਨੇ ਸਫਲ ਨਤੀਜੇ 'ਤੇ ਨਹੀਂ ਪਹੁੰਚਦਾ। ਇਸ ਤੋਂ ਵੀ ਵੱਡਾ ਸਿਹਰਾ ਸੰਵਿਧਾਨ ਦੇ ਮੁੱਖ ਡਰਾਫਟਕਾਰ, ਸ਼੍ਰੀ ਐਸ.ਐਨ. ਮੁਖਰਜੀ ਨੂੰ ਜਾਂਦਾ ਹੈ। ਸਭ ਤੋਂ ਗੁੰਝਲਦਾਰ ਪ੍ਰਸਤਾਵਾਂ ਨੂੰ ਸਭ ਤੋਂ ਸਰਲ ਅਤੇ ਸਪਸ਼ਟ ਕਾਨੂੰਨੀ ਰੂਪ ਵਿੱਚ ਪੇਸ਼ ਕਰਨ ਦੀ ਉਨ੍ਹਾਂ ਦੀ ਯੋਗਤਾ, ਅਤੇ ਨਾ ਹੀ ਸਖ਼ਤ ਮਿਹਨਤ ਕਰਨ ਦੀ ਉਨ੍ਹਾਂ ਦੀ ਯੋਗਤਾ, ਦਾ ਮੁਕਾਬਲਾ ਕਰਨਾ ਮੁਸ਼ਕਲ ਹੈ। ਉਹ ਇਸ ਅਸੈਂਬਲੀ ਲਈ ਇੱਕ ਅਨਮੋਲ ਸੰਪਤੀ ਰਹੇ ਹਨ। ਉਨ੍ਹਾਂ ਦੀ ਸਹਾਇਤਾ ਤੋਂ ਬਿਨਾਂ, ਇਸ ਅਸੈਂਬਲੀ ਨੂੰ ਸੰਵਿਧਾਨ ਨੂੰ ਅੰਤਿਮ ਰੂਪ ਦੇਣ ਵਿੱਚ ਕਈ ਸਾਲ ਲੱਗ ਜਾਂਦੇ। ਮੈਨੂੰ ਸ਼੍ਰੀ ਮੁਖਰਜੀ ਦੇ ਅਧੀਨ ਕੰਮ ਕਰਨ ਵਾਲੇ ਸਟਾਫ ਦਾ ਜ਼ਿਕਰ ਕਰਨਾ ਨਹੀਂ ਭੁੱਲਣਾ ਚਾਹੀਦਾ। ਮੈਂ ਜਾਣਦਾ ਹਾਂ ਕਿ ਉਨ੍ਹਾਂ ਨੇ ਕਿੰਨੀ ਮਿਹਨਤ ਕੀਤੀ ਹੈ ਅਤੇ ਕਿੰਨਾ ਸਮਾਂ ਕੰਮ ਕੀਤਾ ਹੈ, ਕਈ ਵਾਰ ਅੱਧੀ ਰਾਤ ਤੋਂ ਵੀ ਵੱਧ ਸਮਾਂ ਕੰਮ ਕੀਤਾ ਹੈ। ਮੈਂ ਉਨ੍ਹਾਂ ਸਾਰਿਆਂ ਦੇ ਯਤਨਾਂ ਅਤੇ ਸਹਿਯੋਗ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ। (ਚੀਅਰਸ)

ਜੇਕਰ ਇਹ ਸੰਵਿਧਾਨ ਸਭਾ ਸਿਰਫ਼ ਇੱਕ ਰੰਗੀਨ ਭੀੜ ਹੁੰਦੀ, ਇੱਕ ਸੀਮਿੰਟ-ਰਹਿਤ ਫ਼ਰਸ਼, ਕਦੇ ਕਾਲਾ ਅਤੇ ਕਦੇ ਚਿੱਟਾ, ਜਿਸ ਵਿੱਚ ਹਰੇਕ ਮੈਂਬਰ ਜਾਂ ਸਮੂਹ ਆਪਣੇ ਲਈ ਇੱਕ ਕਾਨੂੰਨ ਹੁੰਦਾ, ਤਾਂ ਡਰਾਫਟ ਕਮੇਟੀ ਦਾ ਕੰਮ ਬਹੁਤ ਮੁਸ਼ਕਲ ਹੁੰਦਾ। ਫਿਰ ਹਫੜਾ-ਦਫੜੀ ਤੋਂ ਇਲਾਵਾ ਕੁਝ ਨਹੀਂ ਹੁੰਦਾ। ਸੰਵਿਧਾਨ ਸਭਾ ਦੇ ਅੰਦਰ ਕਾਂਗਰਸ ਪਾਰਟੀ ਦੀ ਮੌਜੂਦਗੀ ਨੇ ਹਫੜਾ-ਦਫੜੀ ਦੀ ਇਸ ਸੰਭਾਵਨਾ ਨੂੰ ਰੱਦ ਕਰ ਦਿੱਤਾ, ਜਿਸ ਨਾਲ ਇਸਦੀ ਕਾਰਵਾਈ ਵਿੱਚ ਵਿਵਸਥਾ ਅਤੇ ਅਨੁਸ਼ਾਸਨ ਦੀ ਭਾਵਨਾ ਆਈ। ਇਹ ਕਾਂਗਰਸ ਪਾਰਟੀ ਦੇ ਅਨੁਸ਼ਾਸਨ ਦੇ ਕਾਰਨ ਸੀ ਕਿ ਡਰਾਫਟ ਕਮੇਟੀ ਹਰੇਕ ਧਾਰਾ ਅਤੇ ਹਰੇਕ ਸੋਧ ਦੇ ਭਵਿੱਖ ਬਾਰੇ ਨਿਸ਼ਚਤਤਾ ਨਾਲ ਸੰਵਿਧਾਨ ਨੂੰ ਵਿਧਾਨ ਸਭਾ ਵਿੱਚ ਪੇਸ਼ ਕਰਨ ਦੇ ਯੋਗ ਹੋਈ। ਇਸ ਲਈ, ਵਿਧਾਨ ਸਭਾ ਵਿੱਚ ਸੰਵਿਧਾਨ ਦੇ ਖਰੜੇ ਦੀ ਸੁਚਾਰੂ ਪ੍ਰਗਤੀ ਦਾ ਸਾਰਾ ਸਿਹਰਾ ਕਾਂਗਰਸ ਪਾਰਟੀ ਨੂੰ ਜਾਂਦਾ ਹੈ।

ਜੇਕਰ ਸਾਰੇ ਮੈਂਬਰਾਂ ਨੇ ਪਾਰਟੀ ਅਨੁਸ਼ਾਸਨ ਦੇ ਨਿਯਮਾਂ ਨੂੰ ਸਵੀਕਾਰ ਕੀਤਾ ਹੁੰਦਾ, ਤਾਂ ਇਸ ਸੰਵਿਧਾਨ ਸਭਾ ਦੀ ਕਾਰਵਾਈ ਬਹੁਤ ਹੀ ਨੀਰਸ ਹੁੰਦੀ। ਪਾਰਟੀ ਅਨੁਸ਼ਾਸਨ, ਆਪਣੀ ਸਖ਼ਤੀ ਦੇ ਬਾਵਜੂਦ, ਇਸ ਵਿਧਾਨ ਸਭਾ ਨੂੰ ਹਾਂ-ਪੁਰਸ਼ਾਂ ਦੇ ਇਕੱਠ ਵਿੱਚ ਬਦਲ ਦਿੰਦਾ। ਖੁਸ਼ਕਿਸਮਤੀ ਨਾਲ, ਕੁਝ ਬਾਗ਼ੀ ਸਨ। ਉਹ ਸਨ ਸ਼੍ਰੀ ਕਾਮਥ, ਡਾ. ਪੀ.ਐਸ. ਦੇਸ਼ਮੁਖ, ਸ਼੍ਰੀ ਸਿਧਵਾ, ਪ੍ਰੋ. ਕੇ.ਟੀ. ਸ਼ਾਹ, ਅਤੇ ਪੰਡਿਤ ਹਿਰਦੇਨਾਥ ਕੁੰਜਰੂ। ਉਨ੍ਹਾਂ ਨੇ ਜੋ ਮੁੱਦੇ ਉਠਾਏ

"ਇਕੁਐਲਿਟੀ ਐਂਡ ਜਸਟਿਸ"
Rs- 100/month
"Equality and Justice" स्वतंत्रता, समानता, भाईचारा

ਸਨ ਉਹ ਜ਼ਿਆਦਾਤਰ ਵਿਚਾਰਧਾਰਕ ਸਨ। ਇਹ ਤੱਥ ਕਿ ਮੈਂ ਉਨ੍ਹਾਂ ਦੇ ਸੁਝਾਵਾਂ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਸੀ, ਉਨ੍ਹਾਂ ਦੀ ਮਹੱਤਤਾ ਜਾਂ ਸਦਨ ਦੀ ਕਾਰਵਾਈ ਨੂੰ ਜੀਵਤ ਕਰਨ ਵਿੱਚ ਉਨ੍ਹਾਂ ਦੀ ਸੇਵਾ ਨੂੰ ਘੱਟ ਨਹੀਂ ਕਰਦਾ। ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਪਰ ਉਨ੍ਹਾਂ ਤੋਂ ਬਿਨਾਂ, ਮੈਨੂੰ ਸੰਵਿਧਾਨ ਦੇ ਬੁਨਿਆਦੀ ਸਿਧਾਂਤਾਂ ਨੂੰ ਸਮਝਾਉਣ ਦਾ ਮੌਕਾ ਨਹੀਂ ਮਿਲਦਾ, ਜੋ ਕਿ ਸੰਵਿਧਾਨ ਨੂੰ ਪਾਸ ਕਰਨ ਦੇ ਸਿਰਫ਼ ਮਕੈਨੀਕਲ ਕੰਮ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਸੀ।

ਅੰਤ ਵਿੱਚ, ਸ਼੍ਰੀਮਾਨ ਸਪੀਕਰ, ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਇਸ ਸਦਨ ਦੀ ਕਾਰਵਾਈ ਕਿਵੇਂ ਚਲਾਈ ਹੈ। ਸਦਨ ਦੇ ਮੈਂਬਰਾਂ ਪ੍ਰਤੀ ਤੁਹਾਡੇ ਦੁਆਰਾ ਦਿਖਾਈ ਗਈ ਸ਼ਿਸ਼ਟਾਚਾਰ ਅਤੇ ਹਮਦਰਦੀ ਨੂੰ ਉਨ੍ਹਾਂ ਸਾਰਿਆਂ ਦੁਆਰਾ ਕਦੇ ਨਹੀਂ ਭੁੱਲਿਆ ਜਾਵੇਗਾ ਜਿਨ੍ਹਾਂ ਨੇ ਇਸਦੀ ਕਾਰਵਾਈ ਵਿੱਚ ਹਿੱਸਾ ਲਿਆ ਸੀ। ਕਈ ਵਾਰ ਅਜਿਹੇ ਮੌਕੇ ਆਏ ਜਦੋਂ ਡਰਾਫਟ ਕਮੇਟੀ ਦੇ ਸੋਧਾਂ ਨੂੰ ਸਿਰਫ਼ ਤਕਨੀਕੀ ਆਧਾਰ 'ਤੇ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਉਹ ਮੇਰੇ ਲਈ ਬਹੁਤ ਚਿੰਤਾ ਦੇ ਪਲ ਸਨ। ਇਸ ਲਈ, ਮੈਂ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹਾਂ ਕਿ ਤੁਸੀਂ ਕਾਨੂੰਨਵਾਦ ਨੂੰ ਸੰਵਿਧਾਨ ਨਿਰਮਾਣ ਦੇ ਕੰਮ ਵਿੱਚ ਰੁਕਾਵਟ ਨਹੀਂ ਬਣਨ ਦਿੱਤਾ।

ਮੇਰੇ ਦੋਸਤ ਸਰ ਅੱਲਾਦੀ ਕ੍ਰਿਸ਼ਨਾਸਵਾਮੀ ਅਈਅਰ ਅਤੇ ਸ਼੍ਰੀ ਟੀ.ਟੀ. ਕ੍ਰਿਸ਼ਨਮਾਚਾਰੀ ਨੇ ਆਪਣੀ ਪੂਰੀ ਸਮਰੱਥਾ ਨਾਲ ਸੰਵਿਧਾਨ ਦਾ ਬਚਾਅ ਕੀਤਾ ਹੈ। ਇਸ ਲਈ, ਮੈਂ ਸੰਵਿਧਾਨ ਦੇ ਗੁਣਾਂ ਬਾਰੇ ਚਰਚਾ ਨਹੀਂ ਕਰਾਂਗਾ। ਕਿਉਂਕਿ ਮੇਰਾ ਮੰਨਣਾ ਹੈ ਕਿ ਸੰਵਿਧਾਨ ਭਾਵੇਂ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ, ਇਹ ਲਾਜ਼ਮੀ ਤੌਰ 'ਤੇ ਮਾੜਾ ਹੀ ਹੋਵੇਗਾ ਕਿਉਂਕਿ ਜਿਨ੍ਹਾਂ ਲੋਕਾਂ ਨੂੰ ਇਸਨੂੰ ਲਾਗੂ ਕਰਨ ਲਈ ਕਿਹਾ ਗਿਆ ਹੈ ਉਹ ਬੁਰੇ ਲੋਕ ਹਨ। ਸੰਵਿਧਾਨ ਭਾਵੇਂ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਇਹ ਚੰਗਾ ਵੀ ਹੋ ਸਕਦਾ ਹੈ ਜੇਕਰ ਜਿਨ੍ਹਾਂ ਨੂੰ ਇਸਨੂੰ ਲਾਗੂ ਕਰਨ ਲਈ ਕਿਹਾ ਗਿਆ ਹੈ ਉਹ ਚੰਗੇ ਲੋਕ ਹਨ। ਸੰਵਿਧਾਨ ਨੂੰ ਲਾਗੂ ਕਰਨਾ ਪੂਰੀ ਤਰ੍ਹਾਂ ਸੰਵਿਧਾਨ ਦੀ ਪ੍ਰਕਿਰਤੀ 'ਤੇ ਨਿਰਭਰ ਨਹੀਂ ਕਰਦਾ। ਸੰਵਿਧਾਨ ਸਿਰਫ਼ ਰਾਜ ਦੇ ਅੰਗਾਂ, ਜਿਵੇਂ ਕਿ ਵਿਧਾਨ ਸਭਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਲਈ ਪ੍ਰਬੰਧ ਕਰ ਸਕਦਾ ਹੈ। ਰਾਜ ਦੇ ਇਨ੍ਹਾਂ ਅੰਗਾਂ ਦੇ ਕੰਮਕਾਜ ਲਈ ਜਿਨ੍ਹਾਂ ਕਾਰਕਾਂ 'ਤੇ ਨਿਰਭਰ ਕਰਦਾ ਹੈ ਉਹ ਲੋਕ ਅਤੇ ਰਾਜਨੀਤਿਕ ਪਾਰਟੀਆਂ ਹਨ ਜਿਨ੍ਹਾਂ ਨੂੰ ਉਹ ਆਪਣੀਆਂ ਇੱਛਾਵਾਂ ਅਤੇ ਆਪਣੀ ਰਾਜਨੀਤੀ ਨੂੰ ਪੂਰਾ ਕਰਨ ਲਈ ਆਪਣੇ ਸਾਧਨ ਵਜੋਂ ਸਥਾਪਿਤ ਕਰਦੇ ਹਨ। ਕੌਣ ਕਹਿ ਸਕਦਾ ਹੈ ਕਿ ਭਾਰਤ ਦੇ ਲੋਕ ਕੀ ਹਨ ਅਤੇ ਉਨ੍ਹਾਂ ਦੇ ਉਦੇਸ਼ ਕੀ ਹਨ, ਜਾਂ ਕੀ ਉਹ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਇਨਕਲਾਬੀ ਤਰੀਕਿਆਂ ਨੂੰ ਤਰਜੀਹ ਦੇਣਗੇ? ਜੇਕਰ ਉਹ ਇਨਕਲਾਬੀ ਤਰੀਕਿਆਂ ਨੂੰ ਅਪਣਾਉਂਦੇ ਹਨ, ਸੰਵਿਧਾਨ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ, ਇਹ ਕਹਿਣ ਲਈ ਕਿਸੇ ਪੈਗੰਬਰ ਦੀ ਲੋੜ ਨਹੀਂ ਹੈ ਕਿ ਇਹ ਅਸਫਲ ਹੋ ਜਾਵੇਗਾ। ਇਸ ਲਈ, ਲੋਕਾਂ ਅਤੇ ਉਨ੍ਹਾਂ ਦੀਆਂ ਪਾਰਟੀਆਂ ਦੀ ਇਸ ਵਿੱਚ ਭੂਮਿਕਾ 'ਤੇ ਵਿਚਾਰ ਕੀਤੇ ਬਿਨਾਂ ਸੰਵਿਧਾਨ 'ਤੇ ਕੋਈ ਵੀ ਫੈਸਲਾ ਦੇਣਾ ਵਿਅਰਥ ਹੈ। ਸੰਵਿਧਾਨ ਦੀ ਨਿੰਦਾ ਮੁੱਖ ਤੌਰ 'ਤੇ ਦੋ ਪਾਰਟੀਆਂ ਤੋਂ ਆਉਂਦੀ ਹੈ: ਕਮਿਊਨਿਸਟ ਪਾਰਟੀ ਅਤੇ ਸਮਾਜਵਾਦੀ ਪਾਰਟੀ। ਉਹ ਸੰਵਿਧਾਨ ਦੀ ਨਿੰਦਾ ਕਿਉਂ ਕਰਦੇ ਹਨ? ਕੀ ਇਹ ਇਸ ਲਈ ਹੈ ਕਿਉਂਕਿ ਇਹ ਸੱਚਮੁੱਚ ਇੱਕ ਮਾੜਾ ਸੰਵਿਧਾਨ ਹੈ? ਮੈਂ ਨਾਂਹ ਕਹਿਣ ਦੀ ਹਿੰਮਤ ਕਰਦਾ ਹਾਂ। ਕਮਿਊਨਿਸਟ ਪਾਰਟੀ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਦੇ ਸਿਧਾਂਤ 'ਤੇ ਅਧਾਰਤ ਸੰਵਿਧਾਨ ਚਾਹੁੰਦੀ ਹੈ। ਉਹ ਸੰਵਿਧਾਨ ਦੀ ਨਿੰਦਾ ਕਰਦੇ ਹਨ ਕਿਉਂਕਿ ਇਹ ਸੰਸਦੀ ਲੋਕਤੰਤਰ 'ਤੇ ਅਧਾਰਤ ਹੈ। ਸਮਾਜਵਾਦੀ ਦੋ ਚੀਜ਼ਾਂ ਚਾਹੁੰਦੇ ਹਨ। ਪਹਿਲਾ, ਉਹ ਚਾਹੁੰਦੇ ਹਨ ਕਿ ਸੰਵਿਧਾਨ ਉਨ੍ਹਾਂ ਨੂੰ ਸੱਤਾ ਵਿੱਚ ਆਉਣ 'ਤੇ ਬਿਨਾਂ ਮੁਆਵਜ਼ੇ ਦੇ ਸਾਰੀਆਂ ਨਿੱਜੀ ਜਾਇਦਾਦਾਂ ਦਾ ਰਾਸ਼ਟਰੀਕਰਨ ਜਾਂ ਸਮਾਜਿਕਕਰਨ ਕਰਨ ਦੀ ਆਜ਼ਾਦੀ ਦੇਵੇ। ਦੂਜਾ, ਸਮਾਜਵਾਦੀ ਚਾਹੁੰਦੇ ਹਨ ਕਿ ਸੰਵਿਧਾਨ ਵਿੱਚ ਦਰਜ ਬੁਨਿਆਦੀ ਅਧਿਕਾਰ ਸੰਪੂਰਨ ਅਤੇ ਬਿਨਾਂ ਕਿਸੇ ਸੀਮਾ ਦੇ ਹੋਣ, ਤਾਂ ਜੋ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ ਵਿੱਚ ਆਉਣ ਵਿੱਚ ਅਸਫਲ ਰਹਿੰਦੀ ਹੈ, ਤਾਂ ਉਨ੍ਹਾਂ ਨੂੰ ਨਾ ਸਿਰਫ਼ ਆਲੋਚਨਾ ਕਰਨ ਦੀ ਸਗੋਂ ਰਾਜ ਨੂੰ ਉਖਾੜ ਸੁੱਟਣ ਦੀ ਵੀ ਪੂਰੀ ਆਜ਼ਾਦੀ ਹੋਵੇ।

ਲੇਖ ਦਾ ਬਾਕੀ ਭਾਗ ਕੱਲ੍ਹ

# ਚਾਰ ਕਿਰਤ ਕੋਡ ਰੱਦ ਕਰਨ ਦੀ ਮੰਗ ਨੂੰ ਲੈ ਕੇ ਭੱਠਾ ਮਜ਼ਦੂਰਾਂ ਨੇ ਫੂਕਿਆ ਮੋਦੀ ਸਰਕਾਰ ਦਾ ਪੁਤਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਨਵੰਬਰ INTERNATIONAL PAPER, 94636 01616 hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਅੱਜ ਪਿੰਡ ਸੋਇਤਾ ਦੇ ਇੱਟਾਂ ਦੇ ਭੱਠੇ ਉੱਤੇ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨ ਵੱਲੋਂ ਚਾਰ ਕਿਰਤ ਕੋਡ ਰੱਦ ਕਰਨ ਦੀ ਮੰਗ ਨੂੰ ਲੈ ਕੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਤੇ ਔਰਤ ਮਜਦੂਰ ਵੀ ਹਾਜਰ ਸਨ। ਇਸ ਮੌਕੇ ਸੰਬੋਧਨ ਕਰਦਿਆਂ ਇਫਟੂ ਪੰਜਾਬ ਦੇ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸਕੱਤਰ ਅਵਤਾਰ ਸਿੰਘ ਤਾਰੀ ਅਤੇ ਪ੍ਰੈਸ ਸਕੱਤਰ ਜਸਬੀਰ ਦੀ ਨੇ ਕਿਹਾ ਕਿ ਕਿਰਤ ਕੋਡ ਕੇ ਇਹਨਾਂ ਕਿਰਤ ਕੋਲ ਲਾਗੂ ਕਰਕੇ ਮੋਦੀ ਸਰਕਾਰ ਨੇ ਮਜ਼ਦੂਰ ਵਰਗ ਉੱਤੇ ਬਹੁਤ ਹੀ ਘਾਤਕ ਹੱਲਾ ਬੋਲਿਆ ਹੈ ਜਿਸ ਦਾ ਮਜ਼ਦੂਰ ਜਮਾਤ ਹਰ ਹਾਲਤ ਵਿੱਚ ਕਰੜਾ ਜਵਾਬ ਦੇਵੇਗੀ। ਉਹਨਾਂ ਕਿਹਾ ਕਿ ਮੋਦੀ ਸਰਕਾਰ 80 ਕਰੋੜ ਉਹਨਾਂ ਲੋਕਾਂ ਦੀ ਹਕੀਕਤ ਨੂੰ ਨਜ਼ਰਅੰਦਾਜ਼ ਕਰ ਰਹੀ ਹੈ, ਜੋ 5 ਕਿਲੋ ਮੁਫਤ ਰਾਸ਼ਨ 'ਤੇ ਨਿਰਭਰ ਹਨ। ਇਹ ਐਲਾਨ ਉਸ ਹਕੀਕਤ ਦੇ ਬਾਵਜੂਦ ਕੀਤੇ ਜਾ ਰਹੇ ਹਨ, ਕਿ ਬਹੁਤ ਵੱਡੀ ਬਹੁਗਿਣਤੀ ਟਰੇਡ ਯੂਨੀਅਨਾਂ ਨੇ ਇਨ੍ਹਾਂ ਮਜ਼ਦੂਰ ਵਿਰੋਧੀ ਤਬਦੀਲੀਆਂ ਦਾ ਖੁੱਲ੍ਹਾ ਵਿਰੋਧ ਕੀਤਾ ਹੈ। ਟਰੇਡ ਯੂਨੀਅਨਾਂ ਵੱਲੋਂ ਮਸ਼ਵਰਿਆਂ ਦੀਆਂ ਸਾਰੀਆਂ ਮੰਗਾਂ ਨੂੰ ਅਣਦੇਖਾ ਕੀਤਾ ਗਿਆ ਹੈ। ਕਈ ਰਾਜ ਸਰਕਾਰਾਂ ਨੇ ਕੋਡਾਂ ਦੇ ਵਿਰੋਧ ਕਾਰਨ ਅਜੇ ਤਕ ਨਿਯਮ ਤਿਆਰ ਨਹੀਂ ਕੀਤੇ। ਪਰ ਮੋਦੀ ਸਰਕਾਰ ਨੂੰ ਮਜ਼ਦੂਰ ਵਰਗ ਦੇ ਕਿਸੇ ਵੀ ਹੱਕ ਦੀ ਦਲੀਲ ਦੀ ਕੋਈ ਪਰਵਾਹ ਨਹੀਂ। ਕੌੜੀ ਸੱਚਾਈ ਇਹ ਹੈ ਕਿ ਭਾਰਤ ਦੀ ਮਜ਼ਦੂਰ ਸ਼ਕਤੀ ਦੀ ਬਹੁਤ ਵੱਡੀ ਹਿੱਸੇਦਾਰੀ ਗ਼ੈਰ-ਸੰਗਠਤ ਖੇਤਰ ਵਿੱਚ ਹੈ ਅਤੇ ਮੁਲਕ ਵਿਚ ਜ਼ਿਆਦਾਤਰ ਨੌਕਰੀਆਂ ਅਸਥਾਈ ਹਨ। ਕੋਡਾਂ ਦੇ ਇਸ ਐਲਾਨ ਨਾਲ ਸਰਕਾਰਾਂ ਅਤੇ ਪੂੰਜੀਪਤੀਆਂ ਵਿੱਚ ਉਹ ਹੌਸਲਾ ਪੈਦਾ ਹੋਵੇਗਾ ਕਿ ਉਹ ਹੁਣ ਤਕ ਮਜ਼ਦੂਰਾਂ ਨੇ ਜਿਨ੍ਹਾਂ ਅਧਿਕਾਰਾਂ ਲਈ ਜੱਦੋ-ਜਹਿਦ ਕੀਤੀ ਹੈ, ਉਹਨਾਂ ਨੂੰ ਵੀ ਤੋੜ ਸਕਣ। ਯੂਨੀਅਨ ਬਣਾਉਣ ਅਤੇ ਸੰਘਰਸ਼ ਕਰਨ ਦੇ ਕਠਿਨ ਮੁਹਿੰਮ ਨਾਲ ਹਾਸਲ ਕੀਤੇ ਅਧਿਕਾਰਾਂ 'ਤੇ ਸਿੱਧੇ ਹਮਲੇ ਕੀਤੇ ਜਾ ਰਹੇ ਹਨ ਅਤੇ ਇਹ ਕਾਰਪੋਰੇਟ ਹਮਲਿਆਂ ਨੂੰ ਹੋਰ ਬੇਲਗਾਮ ਕਰਨਗੇ। ਕਾਰਪੋਰੇਟ ਤਾਂ ਲੰਮੇ ਸਮੇਂ ਤੋਂ ਬਣੇ ਬੈਠੇ ਹਨ ਕਿ 'ਹਾਇਰ-ਐਂਡ-ਫਾਇਰ' ਦਾ ਪੂਰਾ ਹੱਕ ਮਿਲੇ, ਬੇਅੰਤ ਕੰਮ ਦੇ ਘੰਟੇ ਲਗਾਏ ਜਾ ਸਕਣ, ਅਤੇ ਲੋਕਤੰਤਰਕ ਅਧਿਕਾਰਾਂ ਨੂੰ ਕੁਚਲਿਆ ਜਾਵੇ। ਇਹ ਕੇਂਦਰ ਸਰਕਾਰ ਵੱਲੋਂ ਮਜ਼ਦੂਰ ਵਰਗ 'ਤੇ ਇੱਕ ਬਿਲਕੁਲ ਬੇਸ਼ਰਮੀ ਭਰਿਆ ਹਮਲਾ ਹੈ। ਇਹ ਸਾਰਾ ਕੁਝ ਕਾਰਪੋਰੇਟ ਦੇ ਹਿੱਤ ਲਈ ਹੈ। ਇਸ ਦੇ ਨਾਲ ਹੀ ਜੰਗਲਾਂ ਅਤੇ ਖਣਿਜ ਸੰਪਦਾ ਨੂੰ ਕਾਰਪੋਰੇਟ ਨੂੰ ਸੌਂਪਣ ਦੀ ਇੱਕ ਸੋਚੀ ਸਮਝੀ ਮੁਹਿੰਮ ਵੀ ਚੱਲ ਰਹੀ ਹੈ। ਇਸ ਮੌਕੇ ਇਫਟੂ ਦੇ ਜ਼ਿਲ੍ਹਾ ਕਮੇਟੀ ਮੈਂਬਰ ਭਰਤ ਕੁਮਾਰ ਬੀਰ ਸਿੰਘ ਸਾਵਣ ਕੁਮਾਰ ਸਤੀਸ਼ ਕੁਮਾਰ ਵਿਜੇ ਰਾਜੂ ਪਟੇਲ ਦਵਿੰਦਰ ਦੀਪ ਸਿੰਘ ਸਾਹਿਬ ਕੁਮਾਰ ਰੋਸ਼ਨ ਲਾਲ ਰਸ਼ਮੀ ਅੰਮ੍ਰਿਤਾ ਅਤੇ ਗਿਆਨ ਕੌਰ ਭੱਠਾ ਮਜ਼ਦੂਰ ਵੀ ਹਾਜ਼ਰ ਸਨ।

# ਨਵੇਂ ਲਾਗੂ ਕੀਤੇ ਗਏ ਚਾਰ ਕੋਡ: ਕਿਰਤੀ ਵਿਰੋਧੀ ਤੇ ਬੁਧੀਜੀਵੀਆਂ ਦੀ ਸੰਘੀ ਘੁੱਟਣ ਵਾਲੇ ਹਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਨਵੰਬਰ INTERNATIONAL PAPER, 94636 01616 hardipchumber57@gmail.com

ਭਾਰਤ ਦੇ ਮਜ਼ਦੂਰਾਂ ਕਿਰਤੀਆਂ ਦੀ ਲੜਾਈ ਸਿਰਫ਼ ਰੋਜ਼ੀ-ਰੋਟੀ ਦੀ ਹੀ ਨਹੀਂ, ਸਨਮਾਨ ਅਤੇ ਅਧਿਕਾਰਾਂ ਦੀ ਵੀ ਹੈ। ਕੇਂਦਰ ਸਰਕਾਰ ਨੇ 29 ਮਜ਼ਦੂਰੀ ਕਾਨੂੰਨਾਂ ਨੂੰ ਇਕੱਠਾ ਕਰਕੇ ਚਾਰ ਨਵੇਂ ਕੋਡ ਲਾਗੂ ਕੀਤੇ ਹਨ:

- ਵੇਜ ਕੋਡ (Code on Wages)
- ਇੰਡਸਟਰੀਅਲ ਰਿਲੇਸ਼ਨਜ਼ ਕੋਡ (Industrial Relations Code)
- ਸੋਸ਼ਲ ਸਿਕਿਉਰਿਟੀ ਕੋਡ (Code on Social Security)
- ਆਕਿਊਪੇਸ਼ਨਲ ਸੇਫ਼ਟੀ, ਹੈਲਥ ਐਂਡ ਵਰਕਿੰਗ ਕੰਡੀਸ਼ਨਜ਼ ਕੋਡ (Occupational Safety, Health and Working Conditions Code)

ਇਹਨਾਂ ਕੋਡਾਂ ਨੂੰ ਸਰਕਾਰ "ਸੁਧਾਰ" ਦੇ ਨਾਂ 'ਤੇ ਪੇਸ਼ ਕਰ ਰਹੀ ਹੈ, ਪਰ ਟਰੇਡ ਯੂਨੀਅਨਾਂ ਦਾ ਦੋਸ਼ ਹੈ ਕਿ ਇਹ "ਐਂਟੀ-ਵਰਕਰ, ਪ੍ਰੋ-ਐਮਪਲੌਇਰ" ( ਕਾਮਿਆਂ ਵਿਰੋਧੀ ਅਤੇ ਮਾਲਕਾਂ ਦੇ ਪੱਖੀ ) ਹਨ। ਯੂਨੀਅਨਾਂ ਨੇ ਇਸਨੂੰ "ਧੋਖੇਬਾਜ਼ੀ" ਅਤੇ ਕਿਰਤੀ ਕਾਮਿਆਂ ਨਾਲ "ਧ੍ਰੋਹ" ਕਰਾਰ ਦਿੱਤਾ ਹੈ।

ਕਿਰਤੀਆਂ ਦੇ ਹੱਕਾਂ 'ਤੇ ਛਾਪਾ

ਨੌਕਰੀ ਤੋਂ ਕੱਢਣਾ ਆਸਾਨ: ਨਵੇਂ ਕੋਡਾਂ ਨਾਲ ਕੰਪਨੀਆਂ ਲਈ ਕਰਮਚਾਰੀਆਂ ਨੂੰ ਹਟਾਉਣਾ ਪਹਿਲਾਂ ਨਾਲੋਂ ਆਸਾਨ ਹੋ ਗਿਆ ਹੈ।

ਵੇਤਨ ਦੀ ਅਸਪਸ਼ਟਤਾ: ਮਜ਼ਦੂਰਾਂ ਲਈ ਘੱਟੋ-ਘੱਟ ਤਨਖਾਹ ਦੇ ਨਿਯਮ ਧੁੰਦਲੇ ਹੋ ਗਏ ਹਨ, ਜਿਸ ਨਾਲ ਸ਼ੋਸ਼ਣ ਦੇ ਦਰਵਾਜ਼ੇ ਖੁੱਲ੍ਹਦੇ ਹਨ।

ਸੋਸ਼ਲ ਸੁਰੱਖਿਆ ਘਟਦੀ: ਪੈਨਸ਼ਨ, ਬੀਮਾ ਅਤੇ ਹੋਰ ਸੁਰੱਖਿਆ ਦੇ ਹੱਕ ਕਮਜ਼ੋਰ ਹੋ ਰਹੇ ਹਨ।

ਸੰਘਰਸ਼ ਦਾ ਹੱਕ ਘਟਦਾ: ਯੂਨੀਅਨਾਂ ਦਾ ਕਹਿਣਾ ਹੈ ਕਿ ਹੜਤਾਲ ਕਰਨ ਅਤੇ ਆਪਣੀ ਆਵਾਜ਼ ਉਠਾਉਣ ਦੇ ਹੱਕਾਂ ਨੂੰ ਰੋਕਿਆ ਜਾ ਰਿਹਾ ਹੈ।

ਬੁੱਧੀਜੀਵੀਆਂ ਦੀ ਜ਼ਬਾਨ 'ਤੇ ਪਾਬੰਦੀ

ਜੋ ਬੁੱਧੀਜੀਵੀ, ਲੇਖਕ ਅਤੇ ਸਮਾਜਿਕ ਕਾਰਕੁਨ ਸਰਕਾਰ ਦੀ ਲੋਕ ਵਿਰੋਧੀ ਨੀਤੀ ਦੀ ਆਲੋਚਨਾ ਕਰਦੇ ਹਨ, ਉਹਨਾਂ ਨੂੰ "ਦੇਸ਼ ਧ੍ਰੋਹੀ" ਕਹਿ ਕੇ ਜੇਲ੍ਹਾਂ ਵਿੱਚ ਡੱਕ ਕੇ ਚੁੱਪ ਕਰਵਾਇਆ ਜਾ ਰਿਹਾ ਹੈ। ਇਹ ਰਵੱਈਆ ਲੋਕਤੰਤਰ ਦੇ ਮੂਲ ਸਿਧਾਂਤਾਂ 'ਤੇ ਸਵਾਲ ਖੜ੍ਹਾ ਕਰਦਾ ਹੈ।

ਵਿਚਾਰਾਂ ਦੀ ਆਜ਼ਾਦੀ 'ਤੇ ਹਮਲਾ: ਸਰਕਾਰ ਵਿਰੋਧੀ ਸੁਰਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਸੰਵਿਧਾਨੀਕ ਅਧਿਕਾਰਾਂ ਦੀ ਉਲੰਘਣਾ: ਬੋਲਣ ਦੀ ਆਜ਼ਾਦੀ, ਜੋ ਲੋਕਤੰਤਰ ਦੀ ਰੂਹ ਹੈ, ਉਸਨੂੰ



ਲਾਲ ਸਿੰਘ ਸੁਲਹਾਣੀ
9872155120

ਖਤਰੇ ਵਿੱਚ ਪਾਇਆ ਜਾ ਰਿਹਾ ਹੈ।

ਇਹ ਲੇਖ ਸਿਰਫ਼ ਮਜ਼ਦੂਰਾਂ ਕਿਰਤੀਆਂ ਕਰਮਚਾਰੀਆਂ ਦੀ ਪੀੜਾ ਨਹੀਂ, ਸਗੋਂ ਬੁਧੀਜੀਵੀਆਂ ਦੀ ਆਵਾਜ਼ ਬੰਦ ਕਰਨ ਤੇ ਲੋਕਤੰਤਰ ਦੀ ਸੰਘੀ ਘੁੱਟਣ ਵਿਰੁੱਧ ਇਕ ਹੂਕ ਹੈ। ਮਜ਼ਦੂਰਾਂ ਦੇ ਹੱਕਾਂ ਦੀ ਰੱਖਿਆ, ਬੁੱਧੀਜੀਵੀਆਂ ਦੀ ਆਵਾਜ਼ ਦੀ ਕਦਰ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਲੋਕ ਹਿਤੈਸ਼ੀ ਧਿਰਾਂ ਨੂੰ ਕੇਂਦਰ ਦੇ ਅੱਖੜ ਰਵੱਈਏ ਵਿਰੁੱਧ ਇਕੱਠੇ ਹੋ ਕੇ 2021 ਦੇ ਕਿਸਾਨ ਅੰਦੋਲਨ ਵਰਗਾ ਸੰਘਰਸ਼ ਵਿੱਢਣ ਦੀ ਜ਼ਰੂਰਤ ਹੈ।

# ਪ੍ਰੀਨਿਰਵਾਣ ਦਿਵਸ 6 ਦਸੰਬਰ ਨੂੰ ਬਾਠ ਕਲਾ ਵਿਖੇ ਮਨਾਇਆ ਜਾਵੇਗਾ-ਪ੍ਰੇਮ ਆਹੀਰ

## *ਬਸਪਾ ਦੇ ਸੂਬਾ ਪ੍ਰਧਾਨ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਵਿਸ਼ੇਸ਼ ਤੌਰ 'ਤੇ ਹੋਣਗੇ ਸ਼ਾਮਿਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਨਵੰਬਰ INTERNATIONAL PAPER, 94636 01616 hardipchumber57@gmail.com



ਫਗਵਾੜਾ ਨਵੰਬਰ (ਚਰਨਜੀਤ ਸੱਲ੍ਹਾਂ ) ਭਾਰਤੀ ਸੰਵਿਧਾਨ ਦੇ ਨਿਰਮਾਤਾ,ਕਰੋੜਾਂ ਲੋਕਾਂ ਦੇ ਮੁਕਤੀਦਾਤਾ,ਭਾਰਤ ਰਤਨ ਡਾ.ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ 'ਤੇ ਜਿੱਥੇ ਭਾਰਤ ਹੀ ਨਹੀਂ ਪੂਰੀ ਦੁਨੀਆਂ ਵਿੱਚ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਬਹੁਤ ਵੱਡੇ ਵੱਡੇ ਸਮਾਗਮ ਹੋ ਰਹੇ ਹਨ ਉਥੇ ਹੀ ਦੋਆਬੇ ਦਾ ਮਸ਼ਹੂਰ ਪਿੰਡ ਬਾਠ ਕਲਾਂ ਜਿੱਥੇ ਬਾਬਾ ਸਾਹਿਬ ਜੀ ਦਾ ਪ੍ਰੀਨਿਰਵਾਣ ਦਿਵਸ ਬਹੁਤ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ ਓਸੇ ਦਿਨ ਹੀ ਬਾਬਾ ਸਾਹਿਬ ਦਾ ਵਿਸ਼ਾਲ ਬੁੱਤ ਲਗਾਇਆ ਜਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਸਭਾ ਡਨਹਾਗ ਹੌਲੈਂਡ ਅਤੇ ਵਰਲਡ ਵਾਈਡ ਬੀ.ਐਸ.ਪੀ.ਸਪੋਰਟਰ ਦੇ ਸੀਨੀਅਰ ਸਾਥੀ ਸ਼੍ਰੀ ਪ੍ਰੇਮ ਆਹੀਰ ਹੌਲੈਂਡ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਬਹੁਜਨ ਸਮਾਜ ਪਾਰਟੀ ਯੂਨਿਟ ਬਾਠ ਕਲਾਂ ਦੇ ਸਮੂਹ ਵਰਕਰਾਂ ਦੇ ਉਦਮ ਸਦਕਾ ਇਹ ਬੁੱਤ ਨੂੰ 6 ਦਸੰਬਰ ਨੂੰ ਪ੍ਰੀਨਿਰਵਾਣ ਦਿਵਸ ਤੇ ਬਾਬਾ ਸਾਹਿਬ ਦੇ ਬੁੱਤ ਦਾ ਉਦਘਾਟਨ ਕੀਤਾ ਜਾਵੇਗਾ ਅਤੇ ਨਾਲ ਹੀ ਵਿਸ਼ੇਸ ਸਮਾਗਮ ਕੀਤਾ ਜਾ ਰਿਹਾ ਹੈ। ਏਥੇ ਏ ਵੀ ਦੱਸ ਦੇਈਏ ਕਿ ਪ੍ਰੇਮ ਆਹੀਰ ਜੋ ਕਿ ਹੌਲੈਂਡ ਵਿੱਚ ਰਹਿ ਕੇ ਵੀ ਬਾਬਾ ਸਾਹਿਬ ਅੰਬੇਡਕਰ ਦੇ ਦੇ ਮਿਸ਼ਨ ਲਈ ਦਿਨ ਰਾਤ ਇੱਕ ਕਰ ਰਹੇ ਹਨ। ਜਿਸ ਸਮਾਗਮ ਵਿੱਚ ਬੀ ਐਸ ਪੀ ਤਹਿਸੀਲ ਨਕੋਦਰ ਜਿਲ੍ਹਾ ਜਲੰਧਰ ਦੀ ਸਮੂਚੀ ਲੀਡਰ ਅਤੇ ਬਸਪਾ ਸੂਬਾ ਪ੍ਰਧਾਨ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਜੀ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿੱਚ ਹਾਜ਼ਰੀ ਭਰਨਗੇ। ਇਲਾਕੇ ਦੀਆਂ ਬਾਬਾ ਸਾਹਿਬ ਜੀ ਨੂੰ ਪਿਆਰ ਕਰਨ ਵਾਲੀਆਂ ਸੰਗਤਾਂ ਨੂੰ ਸ਼ਾਮਿਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।

# ਚੱਬੇਵਾਲ ਦਾ ਹਰ ਪਿੰਡ ਹੋਵੇਗਾ ਵਿਕਸਿਤ, ਤੇਜ਼ੀ ਨਾਲ ਹੋ ਰਹੇ ਵਿਕਾਸ ਕਾਰਜ - ਵਿਧਾਇਕ ਡਾ. ਇਸ਼ਾਂਕ ਕੁਮਾਰ

## ਪਿੰਡ ਮੋਤੀਆਂ ਨੂੰ 23 ਲੱਖ ਦੀ ਗ੍ਰਾਂਟ ਰਾਸ਼ੀ ਕੀਤੀ ਜਾਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਨਵੰਬਰ INTERNATIONAL PAPER, 94636 01616 hardipchumber57@gmail.com



ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ) ਚੱਬੇਵਾਲ ਵਿਧਾਨ ਸਭਾ ਖੇਤਰ ਦੇ ਵਿਧਾਇਕ ਡਾ.ਇਸ਼ਾਂਕ ਕੁਮਾਰ ਨੇ ਕਿਹਾ ਕਿ ਉਹ ਚੱਬੇਵਾਲ ਵਿੱਚ ਵਿਕਾਸ ਯੋਜਨਾਵਾਂ ਨੂੰ ਲਾਗੂ ਕਰਨ ਲਈ ਕਾਰਜਸ਼ੀਲ ਹਨ ਅਤੇ ਖੇਤਰ ਦਾ ਕੋਈ ਵੀ ਹਿੱਸਾ ਬੁਨਿਆਦੀ ਸੁਵਿਧਾਵਾਂ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਉਹ ਪਿੰਡ ਮੋਤੀਆਂ ਵਿੱਚ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਪਿੰਡ ਮੋਤੀਆਂ ਨੂੰ ਖੇਡਾਂ ਵਿੱਚ ਪ੍ਰੋਤਸਾਹਨ ਦੇਣ ਦੇ ਉਦੇਸ਼ ਨਾਲ ਖੇਡ ਮੈਦਾਨ ਲਈ 5 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ। ਇਸ ਦੇ ਨਾਲ ਹੀ ਧਰਮਸ਼ਾਲਾ ਲਈ 3 ਲੱਖ ਰੁਪਏ ਅਤੇ ਪੰਚਾਇਤ ਘਰ ਵਿੱਚ 7 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਓਪਨ ਜਿਮ ਲਈ ਵੀ ਰਕਮ ਜਾਰੀ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਮਸਤਾਂ ਦੇ ਡੇਰੇ ਵਿੱਚ ਨਿਰਮਾਣ ਕਾਰਜ ਲਈ 3 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ। ਸਥਾਨਕ ਲੋਕਾਂ ਨੂੰ ਸੰਬੋਧਨ ਕਰਦਿਆਂ ਡਾ. ਇਸ਼ਾਂਕ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਵਿੱਚ ਚੱਬੇਵਾਲ ਵਿਧਾਨ ਸਭਾ ਖੇਤਰ ਵਿੱਚ ਵਿਕਾਸ ਕਾਰਜਾਂ ਦੀ ਰਫ਼ਤਾਰ ਤੇਜ਼ ਹੋਈ ਹੈ। ਖੇਤਰ ਵਿੱਚ ਸਿੱਖਿਆ ਅਤੇ ਖੇਡ ਦੇ ਖੇਤਰ ਵਿੱਚ ਮਹੱਤਵਪੂਰਨ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚੱਬੇਵਾਲ ਖੇਤਰ ਵਿੱਚ ਸਭ ਤੋਂ ਵੱਧ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੜਕਾਂ ਨੂੰ ਬਿਹਤਰ ਕੀਤਾ ਜਾ ਰਿਹਾ ਹੈ। ਪਿੰਡਾਂ ਵਿੱਚ ਸਟ੍ਰੀਟ ਲਾਈਟਾਂ, ਸੀਵਰੇਜ, ਪੀਣ ਵਾਲੇ ਪਾਣੀ ਦੇ ਪ੍ਰਬੰਧ, ਖੇਡਾਂ ਦੀਆਂ ਸਹੂਲਤਾਂ ਅਤੇ ਸਿਹਤ ਸੇਵਾਵਾਂ ਨੂੰ ਵੀ ਚਰਨਬੱਧ ਢੰਗ ਨਾਲ ਅੱਪਗ੍ਰੇਡ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕੇ ਚੱਬੇਵਾਲ ਖੇਤਰ ਦੇ ਲੋਕ ਉਨ੍ਹਾਂ ਦੇ ਪਰਿਵਾਰ ਦਾ ਹਿੱਸਾ ਹਨ ਅਤੇ ਉਹ ਹਰ ਸਮੇਂ ਉਨ੍ਹਾਂ ਦੀ ਸੇਵਾ ਲਈ ਉਪਲਬੱਧ ਹਨ।ਖੇਤਰ ਦੇ ਲੋਕਾਂ ਨੇ ਉਨ੍ਹਾਂ 'ਤੇ ਜੋ ਵਿਸ਼ਵਾਸ ਅਤੇ ਸਨੇਹ ਪ੍ਰਗਟ ਕੀਤਾ ਹੈ, ਉਹ ਉਸ ਦੇ ਸਦਾ ਕਰਜ਼ਦਾਰ ਰਹਿਣਗੇ।

# ਪਿੰਡ ਪੁਰਖਾਲੀ ਵਿਖੇ ਭੋਗ ਅਤੇ ਅੰਤਿਮ ਅਰਦਾਸ 26 ਨਵੰਬਰ ਨੂੰ ਹੋਵੇਗੀ।

"Equality and justice" Patiala 23 November INTERNATIONAL PAPER, 94636 01616 hardipchumber57@gmail.com

ਰੋਪੜ (ਚਰਨਜੀਤ ਸੱਲ੍ਹਾਂ ) ਪਿੰਡ ਪੁਰਖਾਲੀ ਦੇ ਜ਼ਿਲ੍ਹਾ ਅਤੇ ਤਹਿਸੀਲ ਰੋਪੜ ਦੇ ਸਰਦਾਰ ਜਸਕਰਨ ਸਿੰਘ ਜੀ ਪੁੱਤਰ ਸਰਦਾਰ ਕੁਲਵਿੰਦਰ ਸਿੰਘ ਜੋਂ ਕਿ 4 ਅਕਤੂਬਰ 2025 ਨੂੰ ਇਟਲੀ ਵਿਖੇ ਇੱਕ ਐਕਸੀਡੈਂਟ ਵਿੱਚ ਆਪਣਾ ਸਰੀਰ ਤਿਆਗ ਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ ਜਿਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਭੋਗ ਅਤੇ ਅੰਤਿਮ ਅਰਦਾਸ 26 ਨਵੰਬਰ 2025 ਦਿਨ ਬੁੱਧਵਾਰ ਸਵੇਰੇ 9 ਵਜੇ ਸਾਹਿਜ ਪਾਠ ਜੀ ਦੇ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪੁਰਖਾਲੀ ਵਿਖੇ ਦੁਪਹਿਰ 12 ਤੋਂ 1 ਵਜੇ ਤੱਕ ਹੋਵੇਗੀ ਦੁਖੀ ਹਿਰਦੇ ਨਾਲ ਸਰਦਾਰ ਕੁਲਵਿੰਦਰ ਸਿੰਘ ਪਿਤਾ ਅਤੇ ਚਾਚਾ ਗੁਰਵਿੰਦਰ ਸਿੰਘ ਗੋਲਡੀ ਪਰਖਾਲੀ ਅਤੇ ਉਨ੍ਹਾਂ



ਦਾ ਸਮੂਹ ਗੱਡੂ ਪਰਿਵਾਰ ਅਪੀਲ ਕਰਦਾ ਹੈ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

# ਗਰਿੱਡਾਂ ਦੇ ਮੁਲਾਜਮ ਅਸੁਰੱਖਿਅਤ, ਲਟਕਦੀ ਭਰਤੀ ਪ੍ਰਕਿਰਿਆ ਨੂੰ ਮੁਕੰਮਲ ਕਰਕੇ ਕਮੀਂ ਨੂੰ ਜਲਦੀ ਪੂਰਾ ਕੀਤਾ ਜਾ ਏ : ਮਹਿਦੂਦਾਂ

“Equality and justice”
Patiala 23 November
INTERNATIONAL PAPER, 94636 01616
hardipchumber57@gmail.com



ਲੁਧਿਆਣਾ ਨਵੰਬਰ ( ) ਬਿਜਲੀ ਮਹਿਕਮੇਂ ਦੇ ਗਰਿੱਡ ਮੁਲਾਜਮਾਂ ਨਾਲ ਕੁੱਟਮਾਰ ਦੀਆਂ ਘਟਨਾਵਾਂ ਤੋਂ ਬਾਅਦ ਹੁਣ ਲੁੱਟ ਅਤੇ ਚੋਰੀ ਦੀਆਂ ਘਟਨਾਵਾਂ ਵਾਪਰਨਾ ਬਹੁਤ ਮੰਦਭਾਗਾ ਹੈ ਜਿਸ ਕਾਰਨ ਅਸੁਰਖਿਅਤ ਦੇ ਮਾਹੌਲ ‘ਚ ਡਿਊਟੀ ਕਰ ਰਹੇ ਇਕੱਲੇ ਦੁਕੱਲੇ ਮੁਲਾਜਮਾਂ ‘ਚ ਡਰ ਅਤੇ ਖ਼ੌਫ਼ ਦਾ ਮਾਹੌਲ ਪੈਦਾ ਹੋ ਗਿਆ। ਇਸ ਵਜਾਹ ਕਾਰਨ ਉਹ ਦਿਮਾਗੀ ਤੌਰ ‘ਤੇ ਵੀ ਪ੍ਰੇਸ਼ਾਨ ਹਨ ਅਤੇ ਏਹੀ ਪ੍ਰੇਸ਼ਾਨੀ ਕਿਸੇ ਹਾਦਸੇ ਦਾ ਕਾਰਨ ਵੀ ਬਣ ਸਕਦੀ ਹੈ। ਏਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਜਿਲ੍ਹਾ ਆਗੂ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਓ ਐਂਡ ਐਮ ਡਵੀਜ਼ਨ ਦੇ ਆਗੂਆਂ ਰਾਕੇਸ਼ ਕੁਮਾਰ ਅਤੇ ਪ੍ਰਦੀਪ ਕੁਮਾਰ ਦੀ ਹਾਜਰੀ ਵਿੱਚ ਕੀਤਾ। ਉਨ੍ਹਾਂ ਕਿਹਾ ਕਿ ਮੁਲਾਜਮਾਂ ਦੀ ਘਾਟ ਕਾਰਨ ਬਹੁਤੀਆਂ ਥਾਵਾਂ ਉੱਤੇ ਅੱਜ ਇੱਕਲੇ ਇੱਕਲੇ ਮੁਲਾਜਮ ਚੌਵੀ ਚੌਵੀ ਘੰਟੇ ਕੰਮ ਕਰਨ ਲਈ ਮਜਬੂਰ ਹਨ ਜਾਂ ਏ ਐਸ ਐਸ ਏ ਜਾਂ ਐਸ ਐਸ ਏ ਨਾ ਹੋਣ ਦੀ ਸੂਰਤ ਵਿੱਚ ਆਰ ਟੀ ਨੂੰ ਜੋਖਮ ਭਰਿਆ ਕੰਮ ਕਰਨਾ ਪੈ ਰਿਹਾ ਹੈ। ਇਹ ਮੁਲਾਜਮ ਬਿਨ੍ਹਾਂ ਰੈਸਟ ਦੇ ਲੰਬੀਆਂ ਡਿਊਟੀਆਂ ਕਰਨ ਦੇ ਕਾਰਨ ਪਹਿਲਾਂ ਹੀ ਪ੍ਰੇਸ਼ਾਨ ਸਨ ਤੇ ਉਤੋਂ ਆਏ ਦਿਨ ਕਿਸੇ ਨਾ ਕਿਸੇ ਗਰਿੱਡ ‘ਚ ਤਾਇਨਾਤ ਇਕੱਲੇ ਇਕਹਿਰੇ ਮੁਲਾਜਮ ਨਾਲ ਲੋਕਾਂ ਦੁਆਰਾ ਕੁੱਟਮਾਰ ਜਾਂ ਮਾੜੇ ਅਨਸਰਾਂ ਦੁਆਰਾ ਲੁੱਟ ਤੇ ਚੋਰੀ ਦੀਆਂ ਵਾਰਦਾਤਾਂ ਨੇ ਹੋਰ ਪ੍ਰੇਸ਼ਾਨ ਕਰ ਦਿੱਤਾ ਹੈ। ਸ੍ਰ ਮਹਿਦੂਦਾਂ ਨੇ ਕਿਹਾ ਇਸ ਨੂੰ ਦੇਖਦੇ ਹੋਏ ਅਸੀਂ ਮੰਗ ਕਰਦੇ ਹਾਂ ਕਿ 408 ਏ ਐਸ ਐਸ ਏ ਦੀ ਭਰਤੀ ਪ੍ਰਕਿਰਿਆ ਨੂੰ ਤੇਜ਼ ਕਰਦੇ ਹੋਏ ਉਨ੍ਹਾਂ ਨੂੰ ਜਲਦ ਨਿਯੁਕਤੀ ਪੱਤਰ ਜਾਰੀ ਕੀਤੇ ਜਾਣ ਤਾਂ ਜ਼ੋ ਇਹ ਨਵੇਂ ਮੁਲਾਜਮ ਗਰਿੱਡਾਂ ‘ਚ ਮੁਲਾਜਮਾਂ ਦੀ ਘਾਟ ਨੂੰ ਪੂਰਾ ਕਰਕੇ ਰਾਹਤ ਦੇਣ। ਰਾਕੇਸ਼ ਕੁਮਾਰ ਅਤੇ ਪ੍ਰਦੀਪ ਕੁਮਾਰ ਨੇ ਕਿਹਾ ਕਿ ਨਵੇਂ ਸਾਥੀ ਆਉਣ ਤੇ ਉਨ੍ਹਾਂ ਨੂੰ ਉਥੇ ਨਿਯੁਕਤ ਕੀਤਾ ਜਾਵੇ ਜਿੱਥੇ ਆਰ ਟੀ ਐਮ ਡਿਊਟੀ ਦੇਣ ਲਈ ਮਜਬੂਰ ਹਨ। ਇਸ ਤੋਂ ਇਲਾਵਾ ਰਾਤ ਡਿਊਟੀ ਦੇਣ ਵਾਲੇ ਮੁਲਾਜਮਾਂ ਦੀ ਗਿਣਤੀ ਵਧਾ ਕੇ ਉਨ੍ਹਾਂ ਨੂੰ ਸੁਰਿਖਆ ਦਾ ਮਾਹੌਲ ਦਿੱਤਾ ਜਾਵੇ। ਉਨ੍ਹਾਂ ਪੁਲਿਸ ਪ੍ਰਸ਼ਾਸ਼ਨ ਨੂੰ ਵੀ ਅਪੀਲ ਕੀਤੀ ਕਿ ਰਾਤੀ ਗਸਤ ਵਾਲੀ ਟੀਮ ਗਰਿੱਡਾਂ ਉੱਤੇ ਉਚੇਚਾ ਗੇੜਾ ਮਾਰ ਕੇ ਬਿਜਲੀ ਮੁਲਾਜਮਾਂ ਨਾਲ ਲਗਾਤਾਰ ਸੰਪਰਕ ਬਣਾ ਕੇ ਰੱਖੇ।

ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਸੂਬਾ ਡਿਪਟੀ ਜਨਰਲ ਸਕੱਤਰ ਰਛਪਾਲ ਸਿੰਘ ਪਾਲੀ ਨੇ ਏ ਐਸ ਐਸ ਏ ਦੇ ਨਾਲ ਜੇਪੀਏ ਅਤੇ ਈਜੀ2 ਨੂੰ ਵੀ ਜਲਦ ਨਿਯੁਕਤੀ ਪੱਤਰ ਜਾਰੀ ਕਰਨ ਦੀ ਵਕਾਲਤ ਕਰਦਿਆਂ ਕਿਹਾ ਕਿ ਇਨ੍ਹਾਂ ਨਵੇਂ ਸਾਥੀਆਂ ਦੀ ਆਮਦ ਨਾਲ ਲੋਕਾਂ ਨੂੰ ਹੋਰ ਚੰਗੇ ਢੰਗ ਨਾਲ ਨਿਰਵਿਘਨ ਬਿਜਲੀ ਸਪਲਾਈ ਮਿਲਣੀ ਸ਼ੁਰੂ ਹੋ ਜਾਵੇਗੀ ਅਤੇ ਸਰਕਾਰ ਦਾ ਲਕਸ਼ ਹੋਰ ਸਾਫ ਹੋਵੇਗਾ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਨਵੇਂ ਭਰਤੀ ਹੋਣ ਜਾ ਰਹੇ ਏ ਐਸ ਐਸ ਏ ਨੂੰ ਸ਼ਹਿਰੀ ਖੇਤਰਾਂ ਵਿੱਚ ਵੀ ਤਾਇਨਾਤ ਕੀਤਾ ਜਾਵੇ ਕਿਉਂਕਿ ਸ਼ਹਿਰੀ ਖੇਤਰਾਂ ਵਿੱਚ ਮੁਲਾਜਮਾਂ ਦੀ ਗਿਣਤੀ ਕਿਤੇ ਘੱਟ ਹੈ। ਉਨ੍ਹਾਂ ਦੱਸਿਆ ਕਿ ਬਿਜਲੀ ਨਿਗਮ ਚ 28 ਜੁਲਾਈ ਤੋਂ ਨਵੇਂ ਸਹਾਇਕ ਲਾਈਨ ਪੱਕੇ ਤੌਰ ‘ਤੇ ਅਤੇ ਉਸਤੋਂ ਬਾਅਦ ਅਪਰੈਂਟਸ਼ਿਪ ਲਾਈਨ ਮੈਨ ਇੱਕ ਸਾਲ ਲਈ ਆ ਰਹੇ ਹਨ ਜਿਨ੍ਹਾਂ ਦੇ ਆਉਣ ਨਾਲ ਖਪਤਕਾਰਾਂ ਨੂੰ ਰਾਹਤ ਮਿਲੇਗੀ। ਇਸ ਮੌਕੇ ਅਕਾਸ਼ਦੀਪ ਪ੍ਰਧਾਨ ਓ ਐਂਡ ਐਮ, ਮੁਨੀਸ਼ ਕੁਮਾਰ, ਗੁਰਿੰਦਰ ਸਿੰਘ, ਦੀਪਕ ਕੁਮਾਰ, ਪ੍ਰਿੰਸ ਕੁਮਾਰ, ਕਰਤਾਰ ਸਿੰਘ, ਲਖਵੀਰ ਸਿੰਘ, ਬਲਜਿੰਦਰ ਸਿੰਘ, ਜਸਵਿੰਦਰ ਸਿੰਘ, ਜਸਮਿੰਦਰ ਸਿੰਘ, ਰਜਿੰਦਰ ਸਿੰਘ ਅਤੇ ਹੋਰ ਹਾਜ਼ਰ ਸਨ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅਲੌਕਿਕ ਨਗਰ ਕੀਰਤਨ ਸਜਾਇਆ

“Equality and justice”
Patiala 23 November
INTERNATIONAL PAPER, 94636 01616
hardipchumber57@gmail.com



ਸੰਗਰੂਰ, 23 ਨਵੰਬਰ (ਜਗਸੀਰ ਸਿੰਘ)

ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ 25 ਨਵੰਬਰ ਨੂੰ ਗੁਰਦੁਆਰਾ ਸਾਹਿਬ ਮਹਿਲ ਮੁਬਾਰਕ, ਸੰਗਰੂਰ ਵਿਖੇ ਗੁਰਦੁਆਰਾ ਸਾਹਿਬ ਦੀ ਸਮੂਹ ਪ੍ਰਬੰਧਕ ਕਮੇਟੀ ਮੈਂਬਰਾਂ ਦੇ ਸਹਿਯੋਗ ਸਦਕਾ ਸ਼ਹਿਰ ਦੀਆਂ ਸੰਗਤਾਂ ਵਲੋਂ ਪੂਰੀ ਸ਼ਰਧਾ ਭਾਵਨਾ ਸਹਿਤ ਮਨਾਇਆ ਜਾ ਰਿਹਾ ਹੈ। ਇਸੇ ਤਹਿਤ ਅੱਜ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ‘ਚ ਅਲੌਕਿਕ ਨਗਰ ਕੀਰਤਨ ਆਯੋਜਿਤ ਕੀਤਾ ਗਿਆ। ਜੋ ਸ਼ਹਿਰ ਦੇ ਪ੍ਰਮੁੱਖ ਬਜ਼ਾਰਾਂ ‘ਚੋ ਲੰਘਿਆ, ਜਿਥੇ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਤੋਂ ਇਲਾਵਾ ਗੁਰਦੁਆਰਾ ਬ੍ਰਹਮ ਗਿਆਨੀ ਭਗਤ ਨਾਮਦੇਵ ਜੀ, ਗੁਰਦੁਆਰਾ ਸ਼ਾਹੀ ਸਮਾਧਾਂ, ਗੁਰਦੁਆਰਾ ਜੋਤੀ ਸਰੂਪ, ਥਲੇਸ ਬਾਗ ਮਾਰਕੀਟ ਅਤੇ ਹੋਰ ਧਾਰਮਿਕ ਸੰਸਥਾਵਾਂ ਦੇ ਆਗੂਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਰੁਮਾਲੇ ਅਤੇ ਪੰਜ ਪਿਆਰਿਆਂ ਨੂੰ ਸਿਰੋਪਾਉ ਭੇਂਟ ਕੀਤੇ ਗਏ। ਨਗਰ ਕੀਰਤਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਸੁੰਦਰ ਪਾਲਕੀ ਵਿਚ ਬਿਰਾਜਮਾਨ ਕੀਤਾ ਗਿਆ। ਨਗਰ ਕੀਰਤਨ ਦੌਰਾਨ ਗੱਤਕਾ ਪਾਰਟੀ ਆਪਣੀ ਜੌਹਰ ਵਿਖਾ ਰਹੀਆਂ ਸਨ। ਇਸ ਮੌਕੇ ਭਾਈ ਹਜੂਰੀ ਰਾਗੀ ਜਥੇ ਵੱਲੋਂ ਨਗਰ ਕੀਰਤਨ ਦੌਰਾਨ ਸੰਗਤਾਂ ਨੂੰ ਕਥਾ ਕੀਰਤਨ ਨਾਲ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਆਗੂ ਕੈਪਟਨ ਭੁਪਿੰਦਰ ਸਿੰਘ ਪੂਨੀਆ, ਜਥੇਦਾਰ ਕੇਹਰ ਸਿੰਘ ਢਿੱਲੋਂ, ਅਮਰਜੀਤ ਸਿੰਘ ਕਾਂਝਲਾ ਅਤੇ ਹੈੱਡ ਗ੍ਰੰਥੀ ਨੇ ਦੱਸਿਆ ਕਿ ਪਿਛਲੇ ਤਕਰੀਬਨ ਇੱਕ ਮਹੀਨੇ ਤੋਂ ਵੱਖ ਵੱਖ ਰਾਗੀ ਢਾਡੀ ਅਤੇ ਪ੍ਰਚਾਰਕਾਂ ਵੱਲੋਂ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। 25 ਨਵੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਸਾਹਿਬ ਦੇ ਭੋਗ ਪੈਣ ਉਪਰੰਤ ਉੱਚ ਕੋਟੀ ਦੇ ਵਿਦਵਾਨ, ਸਾਧੂ, ਸੰਤ ਮਹਾਤਮਾ ਅਤੇ ਹੋਰ ਰਾਗੀ ਢਾਡੀ ਜਥੇ ਸੰਗਤਾਂ ਨੂੰ ਗੁਰੂ ਜਸ ਸੁਣਾ ਕੇ ਨਿਹਾਲ ਕਰਨਗੇ। ਨਗਰ ਕੀਰਤਨ ਦੌਰਾਨ ਕੈਪਟਨ ਭੁਪਿੰਦਰ ਸਿੰਘ ਪੂਨੀਆ, ਕੇਹਰ ਸਿੰਘ ਢਿੱਲੋਂ, ਸਿਮਰਤਰਾਣਾ ਪੂਨੀਆ, ਬੀਬੀ ਰਜਿੰਦਰ ਕੌਰ, ਬੀਬੀ ਸੁਰਿੰਦਰ ਕੌਰ, ਗੁਰਦੁਆਰਾ ਭਗਤ ਨਾਮਦੇਵ ਜੀ ਦੇ ਸੀਨੀਅਰ ਮੀਤ ਪ੍ਰਧਾਨ ਸਤਨਾਮ ਸਿੰਘ ਦਮਦਮੀ, ਮੀਤ ਪ੍ਰਧਾਨ ਗੋਬਿੰਦਰ ਸਿੰਘ ਜੱਸਲ, ਜਸਵਿੰਦਰ ਸਿੰਘ ਤੱਗੜ, ਸੂਬੇਦਾਰ ਰੁਪਿੰਦਰ ਸਿੰਘ ਤੱਗੜ, ਕਰਮ ਸਿੰਘ ਨਮੋਲ, ਬਲਦੇਵ ਸਿੰਘ ਰਤਨ, ਦਰਸ਼ਨ ਸਿੰਘ ਰਤਨ, ਬਾਬਾ ਕੁਲਵੰਤ ਸਿੰਘ, ਗੋਗੀ ਮਡਾਹਰ, ਸੱਤਪਾਲ ਸਿੰਘ, ਜਸਪਾਲ ਸਿੰਘ ਜੱਸ, ਗੁਰਮੀਤ ਸਿੰਘ, ਮਾਸਟਰ ਪਰਗਟ ਸਿੰਘ, ਬਲਵੰਤ ਸਿੰਘ ਜੋਗਾ, ਪ੍ਰੀਤਮ ਸਿੰਘ ਵੜੈਚ, ਜਾਗਰ ਸਿੰਘ, ਜਸਵੰਤ ਸਿੰਘ, ਜਸਵਿੰਦਰ ਸਿੰਘ ਪ੍ਰਿੰਸ, ਹਰਪ੍ਰੀਤ ਸਿੰਘ, ਸਤਨਾਮ ਸਿੰਘ, ਸੁਰਿੰਦਰਪਾਲ ਸਿੰਘ ਸਿਦਕੀ, ਬਾਬਾ ਪਿਆਰਾ ਸਿੰਘ, ਹਰਭਜਨ ਸਿੰਘ ਭੱਟੀ, ਜਸਪਾਲ ਸਿੰਘ ਆਦਿ ਨੇ ਸਹਿਯੋਗ ਦਿੱਤਾ ਅਤੇ ਨਗਰ ਕੀਰਤਨ ਦੌਰਾਨ ਵੱਖ-ਵੱਖ ਸਭਾ ਸੁਸਾਇਟੀਆਂ ਵੱਲੋਂ ਸੰਗਤਾਂ ਲਈ ਦੁੱਧ, ਪਾਣੀ ਅਤੇ ਚਾਹ ਬਿਸਕੁਟਾਂ ਦੇ ਲੰਗਰ ਲਾਏ ਗਏ।

# ਮੇਜ਼ਰ ਸਿੰਘ ਗਿੱਲ ਸਰਬਸੰਮਤੀ ਨਾਲ ਤੀਸਰੀ ਵਾਰ ਬਣੇ ਪ੍ਰਧਾਨ,,,

“Equality and justice”
Patiala 23 November
INTERNATIONAL PAPER, 94636 01616
hardipchumber57@gmail.com

ਮਾਨਸਾ 23 ਨਵੰਬਰ (ਆਤਮਾ ਸਿੰਘ ਪਮਾਰ) ਬੀਤੇ ਦਿਨੀਂ ਸਥਾਨਕ ਸੈਂਟਰਲ ਪਾਰਕ ਮਾਨਸਾ ਦੀ ਚੋਣ ਦੌਰਾਨ ਮੇਜ਼ਰ ਸਿੰਘ ਗਿੱਲ ਨੂੰ ਉਨ੍ਹਾਂ ਵੱਲੋਂ ਨਿਭਾਈਆਂ ਸ਼ਾਨਦਾਰ ਸੇਵਾਵਾਂ ਬਦਲੇ ਤੀਸਰੀ ਵਾਰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਇਸ ਤੋਂ ਬਾਜ਼ ਸਿੰਘ ਸਰਪ੍ਰਸਤ, ਰਾਹੁਲ ਕੁਮਾਰ ਖਜਾਨਚੀ,ਮਨੋਜ ਕੁਮਾਰ ਅਤੇ ਮੇਜ਼ਰ ਸਿੰਘ ਫੌਜੀ ਮੀਤ ਪ੍ਰਧਾਨ ਅਤੇ ਹਰਮਨ ਸਿੰਘ ਸਹਾਇਕ ਸਕੱਤਰ ਵਜੋਂ ਚੁਣੇ ਗਏ। ਨਵ ਨਿਯੁਕਤ ਕਮੇਟੀ ਵੱਲੋਂ ਪਾਰਕ ਨੂੰ ਹੋਰ ਸੁੰਦਰ ਬਣਾਉਣ ਲਈ ਵੱਧ ਤੋਂ ਵੱਧ ਪੌਦੇ ਅਤੇ ਦਰੱਖਤ ਲਗਾਉਣ ਦਾ ਫੈਸਲਾ ਵੀ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਲੰਬੇ ਸਮੇਂ ਤੋਂ ਬੰਦ ਪਿਆ ਸਵਿਮਿੰਗ ਪੂਲ ਚਲਾਇਆ ਜਾਵੇ। ਇਸ ਤੋਂ ਇਲਾਵਾ ਸ਼ਹਿਰ ਨਿਵਾਸੀਆਂ ਨੂੰ ਵੀ ਅਪੀਲ



ਕੀਤੀ ਗਈ ਕਿ ਪਾਰਕ ਦਿੱਖ ਸੰਵਾਰਨ ਲਈ ਬਣਦਾ ਸਹਿਯੋਗ ਦਿੱਤਾ ਜਾਵੇ।

# ਸਰਵਿਸ ਰਿਵਾਲਵਰ ਤੋਂ ਅਚਾਨਕ ਚੱਲੀ ਗੋਲੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 23 ਨਵੰਬਰ
INTERNATIONAL PAPER, 94636 01616
hardipchumber57@gmail.com

ਪੰਜਾਬ ਪੁਲਿਸ ਦੇ ਸਹਾਇਕ ਸਬ-ਇੰਸਪੈਕਟਰ (ASI) ਅਮਰ ਸਿੰਘ ਦੀ ਅਚਾਨਕ ਹੀ ਆਪਣੀ ਸਰਵਿਸ ਰਿਵਾਲਵਰ ਦੀ ਗੋਲੀ ਲੱਗਣ ਨਾਲ ਮੌਤ ਹੋਣ ਦੀ ਖਬਰ ਸਾਹਮਣੇ ਆਈ ਹੈ। ਇਹ ਘਟਨਾ ਭਾਖੜਾ-ਨੰਗਲ ਸੜਕ ‘ਤੇ ਸਥਿਤ ਰੋਪੜ ਦੇ ਬਰਮਾਲਾ ਚੈੱਕਪੋਸਟ ‘ਤੇ ਵਾਪਰੀ। ਪੁਲਿਸ ਨੇ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਹੈ।

ਇਹ ਘਟਨਾ ਅੱਜ (ਐਤਵਾਰ) ਸਵੇਰੇ 5 ਵਜੇ ਦੇ ਕਰੀਬ ਵਾਪਰੀ। ਗੋਲੀਬਾਰੀ ਦਾ ਕਾਰਨ ਅਜੇ ਵੀ ਸਪੱਸ਼ਟ ਨਹੀਂ ਹੈ। ਪੁਲਿਸ ਨੇ ਘਟਨਾ ਨੂੰ ਸ਼ੱਕੀ ਮੰਨਦੇ ਹੋਏ ਜਾਂਚ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਮੌਤ ਦੇ ਅਸਲ ਕਾਰਨ ਦਾ ਪਤਾ ਲਗਾਉਣ ਲਈ ਸਾਰੇ ਪਹਿਲੂਆਂ ਦੀ ਡੂੰਘਾਈ ਨਾਲ ਜਾਂਚ ਕਰ ਰਹੇ ਹਨ।

ਰਿਪੋਰਟਾਂ ਅਨੁਸਾਰ, ਉਹ ਪਹਿਲਾਂ ਨੰਗਲ ਪੁਲਿਸ ਸਟੇਸ਼ਨ ਵਿੱਚ ਤਾਇਨਾਤ ਸੀ ਅਤੇ ਹਾਲ ਹੀ ਵਿੱਚ ਬਰਮਾਲਾ ਚੈੱਕਪੋਸਟ ਵਿੱਚ ਉਸ ਦੀ ਤਾਇਨਾਤੀ ਹੋਈ ਸੀ। ਪਰਿਵਾਰ ਵਿੱਚ ਉਸਦੀ ਪਤਨੀ ਅਤੇ ਦੋ ਬੱਚੇ ਹਨ। ਉਸਦਾ ਪੁੱਤਰ ਆਸਟ੍ਰੇਲੀਆ ਵਿੱਚ ਰਹਿੰਦਾ ਹੈ, ਜਦੋਂ ਕਿ ਉਸਦੀ ਪਤਨੀ ਅਤੇ ਇੱਕ ਹੋਰ ਪੁੱਤਰ ਫਰੀਦ ਕਲੋਨੀ, ਨੰਗਲ ਵਿੱਚ ਰਹਿੰਦੇ ਹਨ।

ਇਸ ਵੇਲੇ, ਪੁਲਿਸ ਵਿਭਾਗ ਦਾ ਕੋਈ ਅਧਿਕਾਰੀ



ਟਿੱਪਣੀ ਕਰਨ ਲਈ ਤਿਆਰ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਕੁੱਝ ਕਿਹਾ ਜਾ ਸਕਦਾ ਹੈ।

# ਸਪੈਸ਼ਲ ਸੱਤ ਰੋਜ਼ਾ ਐਨ ਐਸ ਐਸ ਕੈਂਪ ਦੀ ਸ਼ੁਰੂਆਤ

“Equality and justice”
Patiala 23 November
INTERNATIONAL PAPER, 94636 01616
hardipchumber57@gmail.com




ਮਹਿਲਾਂ ਚੌਕ, 23 ਨਵੰਬਰ (ਜਗਸੀਰ ਸਿੰਘ)- ਕੌਮੀ ਸੇਵਾ ਯੋਜਨਾ ਇਕਾਈ ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਮਹਿਲਾਂ ਵੱਲੋਂ ਯੁਵਕ ਸੇਵਾਵਾਂ ਵਿਭਾਗ ਪੰਜਾਬ ਦੀ ਸਰਪ੍ਰਸਤੀ ਹੇਠ ਸਹਾਇਕ ਡਾਇਰੈਕਟਰ ਸੰਗਰੂਰ ਸ੍ਰੀ ਅਰੁਣ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਮਹਿਲਾਂ ਸਕੂਲ ਵਿਖੇ ਸਪੈਸ਼ਲ ਸੱਤ ਰੋਜ਼ਾ ਐਨ ਐਸ ਐਸ ਕੈਂਪ “ਨਸ਼ਾ ਮੁਕਤ ਜਵਾਨੀ-ਤੰਦਰੁਸਤ ਜਵਾਨੀ” ਦੇ ਬੈਨਰ ਹੇਠ ਸ਼ੁਰੂ ਕੀਤਾ ਗਿਆ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਸਾਲਾਂ ਸ਼ਹੀਦੀ ਪੁਰਬ ਨੂੰ ਸਮਰਪਿਤ ਇਸ ਕੈਂਪ ਇਸ ਕੈਂਪ ਦੀ ਸ਼ੁਰੂਆਤ ਕਰਨ ਮੌਕੇ ਨਗਰ ਦੀਆਂ ਅਹਿਮ ਸ਼ਖ਼ਸੀਅਤਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਹਨਾਂ ਸ਼ਖ਼ਸੀਅਤਾਂ ਵਿੱਚ ਨੰਬਰਦਾਰ ਪੁਨਰ ਵੀਰ ਸਿੰਘ ਸਿਬੀਆ, ਹਰਜੀਤ ਸਿੰਘ ਫੌਜੀ, ਚਮਕੌਰ ਸਿੰਘ ਘੁਮਾਣ, ਜਗਦੀਪ ਸਿੰਘ,ਸਨੀ ਚਹਿਲ ਮੈਂਬਰ ਪੰਚਾਇਤ,ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸ੍ਰ ਨਾਜਰ ਸਿੰਘ ਝੱਲੀ, ਇਕਬਾਲ ਸਿੰਘ ਜੇਜੀ ਸ਼ਾਮਲ ਸਨ।ਇਸ ਮੌਕੇ ਪ੍ਰੋਗਰਾਮ ਕੋਆਰਡੀਨੇਟਰ ਰਾਜੇਸ਼ ਕੁਮਾਰ ਲੈਕਚਰਾਰ ਹਿਸਟਰੀ ਨੇ ਸਮੂਹ ਆਈਆਂ ਸ਼ਖ਼ਸੀਅਤਾਂ ਦਾ ਸਵਾਗਤ ਕਰਦਿਆਂ ਕੈਂਪ ਦੇ ਉਦੇਸ਼ ਤੋਂ ਜਾਣੂ ਕਰਵਾਇਆ।ਪ੍ਰੋਗਰਾਮ ਅਫਸਰ ਤੇ ਕੈਂਪ ਕਮਾਂਡੈਂਟ ਪਰਮਿੰਦਰ ਕੁਮਾਰ ਲੌਂਗੋਵਾਲ ਨੇ ਸੱਤ ਰੋਜ਼ਾ ਕੈਂਪ ਦੌਰਾਨ ਕੀਤੇ ਜਾਣ ਵਾਲੇ ਕੰਮਾਂ ਬਾਰੇ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਇਹ ਕੈਂਪ ਵਿਦਿਆਰਥੀਆਂ ਅੰਦਰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਗੁਣ ਗ੍ਰਹਿਣ ਕਰਨ ਲਈ ਆਯੋਜਿਤ ਕੀਤਾ ਜਾ ਰਿਹਾ ਹੈ।ਕੈਂਪ ਦੇ ਸ਼ੁਰੂਆਤੀ ਮੌਕੇ ਵਿਦਿਆਰਥਣ ਕਿਰਨਜੀਤ ਕੌਰ ਨੇ ਬਹੁਤ ਹੀ ਸੁਰੀਲੀ ਆਵਾਜ਼ ਵਿੱਚ ਧਾਰਮਿਕ ਗੀਤ ਗਾ ਕੇ ਇਸਦੀ ਰਸਮੀ ਸ਼ੁਰੂਆਤ ਕੀਤੀ। ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਸਕੂਲ ਪ੍ਰਿੰਸੀਪਲ ਨਵਰਾਜ ਕੌਰ ਨੇ ਕਿਹਾ ਕਿ ਅਜਿਹੇ ਕੈਂਪ ਵਿਦਿਆਰਥੀਆਂ ਦੀ ਸ਼ਖਸ਼ੀਅਤ ਉਸਾਰੀ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਹਨਾਂ ਵਲੰਟੀਅਰਾਂ ਨੂੰ ਸੰਸਥਾ ਅਤੇ ਮਾਪਿਆਂ ਦਾ ਮਾਣ ਵਧਾਉਣ ਲਈ ਚੰਗੇ ਗੁਣ ਗ੍ਰਹਿਣ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਚਮਕੌਰ ਸਿੰਘ ਘੁਮਾਣ, ਜਗਦੀਪ ਸਿੰਘ, ਨੇ ਵਿਦਿਆਰਥੀਆਂ ਨੂੰ ਆਪਣੇ ਉਦੇਸ਼ ਨੂੰ ਅੱਗੇ ਰੱਖ ਕੇ ਮਿਹਨਤ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਕਿਸਾਨ ਆਗੂ ਹਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਸੰਘਰਸ਼ ਲਈ ਤਿਆਰ ਰਹਿਣ ਲਈ ਕਿਹਾ। ਉਹਨਾਂ ਕਿਹਾ ਕਿ ਅੱਜ ਦੇ ਸਮੇਂ ਕਿਸੇ ਵੀ ਵਿਅਕਤੀ ਨੂੰ ਬਿਨਾਂ ਸੰਘਰਸ਼ ਇਨਸਾਫ਼ ਪ੍ਰਾਪਤੀ ਬਹੁਤ ਮੁਸ਼ਕਲ ਹੈ।ਸਮਾਜ ਸੇਵੀ ਇਕਬਾਲ ਸਿੰਘ ਜੇਜੀ ਨੇ ਰੁਬਰੂ ਹੁੰਦਿਆਂ ਕਿਹਾ ਕਿ ਸਕੂਲ ਦੇ ਬਿਹਤਰੀ ਲਈ ਅਸੀਂ ਸਾਰੇ ਨਗਰ ਨਿਵਾਸੀ ਤੁਹਾਡੇ ਨਾਲ ਮੌਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਾਂ ਅਤੇ ਖੜ੍ਹੇ ਰਹਾਂਗੇ।ਪ੍ਰੋਗਰਾਮ ਅਫਸਰ ਪਰਮਿੰਦਰ ਕੁਮਾਰ ਲੌਂਗੋਵਾਲ ਨੇ ਧੰਨਵਾਦ ਕਰਦੇ ਹਾਂ ਕਿਹਾ ਕਿ ਸਾਨੂੰ ਉਮੀਦ ਹੈ ਕਿ ਸਾਡੇ ਵਲੰਟੀਅਰ ਚੰਗੇ ਸਮਾਜ ਦੀ ਸਿਰਜਣਾ ਵਿੱਚ ਆਪਣਾ ਬਣਦਾ ਰੋਲ ਅਦਾ ਕਰਨਗੇ ਇਸ ਮੌਕੇ ਜਗਜੀਤ ਸਿੰਘ ਪ੍ਰਧਾਨ ਮਹਿਲਾਂ, ਦਰਸ਼ਨ ਸਿੰਘ, ਗੁਰਸੇਵਕ ਸਿੰਘ ਸੋਹੀ, ਗੁਰਜੰਟ ਸਿੰਘ, ਲੈਕਚਰਰ ਗੁਰਦੀਪ ਸਿੰਘ ਗੱਗੜਪੁਰ, ਰਾਕੇਸ਼ ਕੁਮਾਰ ਸਰੀਰਕ ਸਿੱਖਿਆ,ਸਹਾਇਕ ਪ੍ਰੋਗਰਾਮ ਅਫਸਰ ਹਰਵਿੰਦਰ ਸਿੰਘ, ਮੈਡਮ ਅੰਜਨ ਅੰਜੂ, ਰਜਨੀ ਬਾਲਾ,ਰਣਜੀਤ ਸਿੰਘ, ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਰਿਜ਼ਰਵ ਬੈਂਕ ਆਫ ਇੰਡੀਆ ਤੇ ਕ੍ਰਿਸਿਲ ਫਾਉਂਡੇਸ਼ਨ ਦੇ ਸਹਿਯੋਗ ਨਾਲ ਸਮਰਾੜੀ ਵਿਖੇ ਵਿੱਤੀ ਜਾਗਰੂਕਤਾ ਕੈਂਪ ਦਾ ਆਯੋਜਨ

“Equality and justice” Patiala 23 November INTERNATIONAL PAPER, 94636 01616 hardipchumber57@gmail.com



ਫਿਲੌਰ/ਅੱਪਰਾ, 23 ਨਵੰਬਰ (ਦੀਪਾ)- ਆਰਬੀਆਈ ਅਤੇ ਕ੍ਰਿਸਿਲ ਫਾਉਂਡੇਸ਼ਨ ਦੇ ਸਹਿਯੋਗ ਨਾਲ ਗ੍ਰਾਮ ਪੰਚਾਇਤ ਸਮਰਾੜੀ ਵਿਖੇ ਇੱਕ ਵਿੱਤੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦਾ ਉਦੇਸ਼ ਪੇਂਡੂ ਭਾਈਚਾਰੇ ਵਿੱਚ ਬੱਚਤ, ਬੀਮਾ, ਡਿਜੀਟਲ ਬੈਂਕਿੰਗ, ਸੁਕੰਨਿਆ ਸਮ੍ਰਿਧੀ ਯੋਜਨਾ, ਸਾਈਬਰ ਧੋਖਾਧੜੀ ਅਤੇ ਹੋਰ ਸਕੀਮਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਕ੍ਰਿਸਿਲ ਫਾਉਂਡੇਸ਼ਨ ਦੇ ਖੇਤਰੀ ਮੈਨੇਜਰ ਮੁਹੰਮਦ ਰਜ਼ਾ ਨੇ ਕਿਹਾ ਕਿ ਪੇਂਡੂ ਖੇਤਰਾਂ ਵਿੱਚ ਵਿੱਤੀ ਸਾਖਰਤਾ ਦੀ ਬਹੁਤ ਲੋੜ ਹੈ। ਉਨ੍ਹਾਂ ਬੱਚਤ ਅਤੇ ਨਿਵੇਸ਼ ਬਾਰੇ ਜਾਣਕਾਰੀ ਦਿੱਤੀ। ਐਲ ਐਮ ਡੀ ਜਲੰਧਰ ਸ਼੍ਰੀ ਮੋਹਨ ਸਿੰਘ ਮੋਤੀ ਜੀ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਬੈਂਕਿੰਗ ਸੇਵਾਵਾਂ ਜਿਵੇਂ ਕਿ ਆਪਣਾ ਪਿੰਨ ਅਤੇ ਆਪਣਾ ਓ ਕੀ ਪੀ ਕਿਸੇ ਨਾਲ ਸਾਂਝਾ ਨਾ ਕਰਨ। ਉਨ੍ਹਾਂ ਨੇ ਡੀ.ਐਫ.ਐਸ. ਦੇ ਸੁਝਾਅ ਨਾਲ ਆਰ.ਬੀ.ਆਈ ਦੁਆਰਾ ਚਲਾਈ ਜਾ ਰਹੀ “ *ਅਪਣੀ ਪੂੰਜੀ ਅਪਨਾ ਅਧਿਕਾਰ ਸਕੀਮ* “ ਬਾਰੇ ਵੀ ਜਾਣਕਾਰੀ ਦਿੱਤੀ। ਇਸ ਸਕੀਮ ਤਹਿਤ ਜਲੰਧਰ ਜ਼ਿਲ੍ਹੇ ਵਿੱਚ 584 ਕਰੋੜ ਰੁਪਏ ਦੀ ਅਣ-ਐਲਾਨੀ ਰਾਸ਼ੀ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ ਹੈ। ਇਸ ਕੈਂਪ ਵਿੱਚ ਸਰਪੰਚ ਮੋਹਨ ਲਾਲ ਜੀ, ਐਮਆਈਐਸ ਕਾਰਜਕਾਰੀ ਸੰਦੀਪ ਕੌਰ, ਏਰੀਆ ਮੈਨੇਜਰ ਇੰਦਰਪ੍ਰੀਤ ਸਿੰਘ, ਸੈਂਟਰ ਮੈਨੇਜਰ ਸੰਦੀਪ ਕੁਮਾਰ ਅਤੇ ਸੀਐਫਐਲ ਫਿਲੌਰ ਦੀ ਟੀਮ ਹਾਜ਼ਰ ਸੀ।

# ਪੁਲਿਸ ਚੌਂਕੀ ਅੱਪਰਾ ਤੋਂ ਮਹਿਜ਼ ਕੁਝ ਮੀਟਰ ਦੀ ਦੂਰੀ ‘ਤੇ ਐੱਨ. ਆਰ. ਆਈ ਦੇ ਬੰਦ ਪਏ ਘਰ ਤੇ ਮੈਰਿਜ ਪੈਲੇਸ ‘ਚ ਚੋਰੀ

“Equality and justice” Patiala 23 November INTERNATIONAL PAPER, 94636 01616 hardipchumber57@gmail.com



ਫਿਲੌਰ/ਅੱਪਰਾ, 23 ਨਵੰਬਰ (ਦੀਪਾ)-ਅੱਪਰਾ ਤੇ ਆਸ-ਪਾਸ ਦੇ ਪਿੰਡਾਂ ‘ਚ ਲੁੱਟ ਖੋਹ ਤੇ ਚੋਰੀ ਦੀਆਂ ਵਾਰਦਾਤਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ | ਅਣਪਛਾਤੇ ਚੋਰ ਤੇ ਲੁਟੇਰੇ ਬੇਖੋਫ਼ ਹੋ ਕੇ ਉਕਤ ਵਾਰਦਾਤਾਂ ਨੂੰ ਅੰਜ਼ਾਮ ਦੇ ਰਹੇ ਹਨ | ਬੀਤੀ ਰਾਤ ਵੀ ਅਣਪਛਾਤੇ ਚੋਰ ਪੁਲਿਸ ਚੌਂਕੀ ਅੱਪਰਾ ਤੋਂ ਲਗਭਗ ਕੁਝ ਮੀਟਰ ਦੀ ਦੂਰੀ ‘ਤੇ ਸਥਿਤ ਇੱਕ ਮਾਰਕੀਟ ਦੇ ਪਿਛਲੇ ਪਾਸੇ ਬਣੇ ਘਰ ਤੇ ਮੈਰਿਜ ਪੈਲੇਸ ‘ਚ ਸਮਾਨ ਚੋਰੀ ਕਰਕੇ ਲੈ ਗਏ | ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਰੌਬਿਨ ਸਿੰਘ ਪੁੱਤਰ ਅਜਾਇਬ ਸਿੰਘ ਵਾਸੀ ਪਿੰਡ ਲੋਹਗੜ ਨੇ ਦੱਸਿਆ ਉਸਦੇ ਚਾਚੇ ਦਾ ਲੜਕਾ ਬਹਾਦਰ ਸਿੰਘ ਸਿੰਘ ਪੁੱਤਰ ਸੁਖਦੇਵ ਸਿੰਘ ਯੂ. ਕੇ ਰਹਿੰਦਾ ਹੈ | ਇਹ ਮਾਰਕੀਟ ਪੁਲਿਸ ਚੌਂਕੀ ਅੱਪਰਾ ਵਾਲੇ ਮੇਨ ਚੌਂਕ ‘ਚ ਹੈ | ਇਸਦੇ ਉੱਪਰ ਦੋ ਮੰਜਿਲਾਂ ਮੈਰਿਜ ਪੈਲੇਸ ਵੀ ਬਣਿਆ ਹੋਇਆ ਹੈ | ਬੀਤੀ ਸ਼ਾਮ ਮਾਰਕੀਟ ਦੇ ਇੱਕ ਦੁਕਾਨਦਾਰ ਨੇ ਰੌਬਿਨ ਸਿੰਘ ਨੂੰ ਦੱਸਿਆ ਕਿ ਉਨਾਂ ਦਾ ਛੋਟਾ ਮੇਨ ਗੇਟ ਖੁੱਲਾ ਹੋਇਆ ਹੈ | ਜਦੋਂ ਰੋਬਿਨ ਨੇ ਆ ਕੇ ਦੇਖਿਆ ਤਾਂ ਚੋਰਾਂ ਨੇ ਛੱਤ ਵਾਲੇ ਪੱਖੇ, ਦੀਵਾਰ ਵਾਲੇ ਪੱਖੇ (ਕੁੱਲਿ ਗਣਤੀ 100 ਤੋਂ ਵੱਧ), ਸਾਰੇ ਹੀ ਬਾਥਰੂਮਾਂ ਦੀਆਂ ਪਿੱਤਲ ਦੀਆਂ ਟੂਟੀਆਂ, ਗੀਜਰ, ਫਰਿੱਜ, ਗੈਸ ਸਿਲੰਡਰ, ਐੱਲ. ਸੀ. ਡੀ, ਸਾਰੇ ਦੀ ਦਰਵਾਜ਼ਿਆਂ ਦੇ ਪਿੱਤਲ ਦੇ ਹੈਂਡਲ, ਲਾਕ ਤੇ ਹੋਰ ਸਮਾਨ ਚੋਰੀ ਕਰਕੇ ਲੈ ਗਏ | ਰੋਬਿਨ ਨੇ ਅੱਗੇ ਦੱਸਿਆ ਕਿ ਸਾਰੇ ਪੈਲੇਸ ਦੀ ਫੋਲਾ-ਫਰਾਲੀ ਕੀਤੀ ਹੋਈ ਸੀ ਤੇ ਅੰਦਰ ਕੋਲਡ ਡਰਿੰਕਸ ਦੀਆਂ ਬੋਤਲਾਂ ਤੇ ਨਸ਼ਾ ਕਰਨ ਵਾਲੀਆਂ ਪੰਨੀਆਂ ਵੀ ਖਿਲਰੀਆ ਪਈਆਂ ਸਨ | ਘਟਨਾ ਦੇ ਸੰਬੰਧ ‘ਚ ਅੱਪਰਾ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ |

# “ਸ਼ੁੱਧਤਾ ਅਤੇ ਪਰੰਪਰਾਵਾਂ ਦੇ ਰੰਗਾਂ ਦਾ ਸੁਮੇਲ ਹੈ ਪਹਿਲ ਮੰਡੀ” : ਡਾਕਟਰ ਏ. ਐੱਸ.ਮਾਨ

“Equality and justice” Patiala 23 November INTERNATIONAL PAPER, 94636 01616 hardipchumber57@gmail.com



ਸੰਗਰੂਰ,23 ਨਵੰਬਰ (ਜਗਸੀਰ ਸਿੰਘ)-

ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਦੁਆਰਾ ਇੱਕ ਮੋਹਰੀ ਪਹਿਲਕਦਮੀ, ਪਹਿਲ ਮੰਡੀ, ਪੇਂਡੂ ਉੱਦਮਤਾ ਅਤੇ ਭਾਈਚਾਰਕ ਵਿਕਾਸ ਦੇ ਸੰਕਲਪ ਨੂੰ ਮੁੜ ਪਰਿਭਾਸ਼ਿਤ ਕਰ ਰਹੀ ਹੈ। ਇਸ ਵਿਲੱਖਣ ਪਲੇਟਫਾਰਮ ਨੇ ਸਥਾਨਕ ਕਿਸਾਨਾਂ, ਕਾਰੀਗਰਾਂ ਅਤੇ ਉੱਦਮੀਆਂ ਨੂੰ ਇੱਕ ਛੱਤ ਹੇਠ ਇਕੱਠਾ ਕੀਤਾ ਹੈ, ਸ਼ੁੱਧਤਾ, ਗੁਣਵੱਤਾ ਅਤੇ ਪਰੰਪਰਾਵਾਂ ਨੂੰ ਉਤਸ਼ਾਹਿਤ ਕੀਤਾ ਹੈ। ਇਸ ਮੰਡੀ ਵਿੱਚ ਆਰਗੈਨਿਕ ਆਟਾ, ਆਰਗੈਨਿਕ ਮਸਾਲੇ, ਆਰਗੈਨਿਕ ਦਾਲਾਂ, ਸਬਜ਼ੀਆਂ, ਆਚਾਰ, ਮੁਰੱਬੇ ,ਖੋਏ ਦੀ ਤਾਜਾ ਬਰਫੀ , ਚਾਟੀ ਦੀ ਲੱਸੀ ,ਪੀਨਟ ਬੱਟਰ , ਚੂਰਨ, ਆਲੂ-ਟਿੱਕੀ, ਵੱਖ-ਵੱਖ ਕਿਸਮ ਦੇ ਗੁੜ-ਸ਼ੱਕਰ ਤੋਂ ਤਿਆਰ ਕੀਤੇ ਉਤਪਾਦ, ਲੱਕੜ ਘਾਣੀ ਰਾਹੀਂ ਕਢਿਆ ਵੱਖ -ਵੱਖ ਕਿਸਮ ਦੇ ਤੇਲ, ਸ਼ਹਿਦ ਵਰਗੇ ਸ਼ੁੱਧ ਚੀਜਾਂ ਤੋਂ ਇਲਾਵਾ ਰਸੋਈ ਦਾ ਸਾਰਾ ਸਮਾਨ ਅਤੇ ਸਰਫ , ਦੇਸੀ ਤਰੀਕੇ ਨਾਲ ਬਣਾਈਆਂ ਸਾਬਣਾਂ ਆਦਿ ਉਪਲਬਧ ਕਰਵਾਏ ਜਾ ਰਹੇ ਹਨ। ਇਹ ਸਾਰੇ ਉਤਪਾਦ ਖੁਦ ਤਿਆਰ ਕੀਤੇ ਗਏ ਹਨ ਜਿਸ ਨਾਲ ਇਨਾਂ ਦੀ ਉੱਚ ਗੁਣਵੱਤਾ ਉੱਤੇ ਭਰੋਸਾ ਹੈ। “ਜੈਵਿਕ ਉਤਪਾਦਾਂ ਤੋਂ ਲੈ ਕੇ ਦਸਤਕਾਰੀ ਤੱਕ, ਪਹਿਲ ਮੰਡੀ ਪੰਜਾਬ ਦੀਆਂ ਪਰੰਪਰਾਵਾਂ ਦੇ ਰੰਗਾਂ ਅਤੇ ਸ਼ੁੱਧਤਾ ਦਾ ਖਜ਼ਾਨਾ ਹੈ” ਡਾ ਏ. ਐੱਸ.ਮਾਨ

ਪਹਿਲ ਮੰਡੀ ਸੱਚਮੁੱਚ ਸ਼ੁੱਧਤਾ ਅਤੇ ਪਰੰਪਰਾਵਾਂ ਦਾ ਸੁਮੇਲ, ਅਤੇ ਇਸਦੀ ਸਫਲਤਾ ਭਾਈਚਾਰਕ-ਅਧਾਰਤ ਪਹਿਲਕਦਮੀਆਂ ਦੀ ਸ਼ਕਤੀ ਦਾ ਪ੍ਰਮਾਣ ਹੈ।

ਇਸ ਮੌਕੇ ਉਨ੍ਹਾਂ ਨਾਲ ਰਾਜਿੰਦਰ ਕੁਮਾਰ ਪੀ ਡੀ ਐੱਮ ਓ, ਬੱਬੀ ਸਤੇਜ , ਜੌਲੀ ਪਾਤੜਾਂ , ਜਸਵੀਰ ਕੌਰ ਸੋਹੀ ਨਾਭਾ, ਜਸਪ੍ਰੀਤ ਕੌਰ ਨੰਦਗੜ੍ਹ, ਕਮਰਜੀਤ ਕੌਰ , ਦਰਸ਼ਨ ਸਿੰਘ ਪੇਧਨੀ ਕਲਾਂ , ਗੁਰਦੀਪ ਦਿਓਲ ,ਸੰਦੀਪ ਕੌਰ ਬਾਲੀਆਂ, ਹਰਪ੍ਰੀਤ ਕੌਰ ਮਾਨ ਮਾਨਾਂ ਵਾਲੇ, ਸੁਖਚੈਨ ਧਲੇਵਾਂ, ਕਮਰਜੀਤ ਸਿੰਘ ਬੱਬਨਪੁਰ ਜਿੰਮੀਦਾਰਾਂ ਗੁੜ, ਚਾਚਾ ਭਤੀਜਾ ਗੁੜ ਵਾਲੇ ਅਤੇ ਅਮਨ ਬੜਿੰਗ ਆਦਿ ਹਾਜਰ ਸਨ ।

# ਜੇਕਰ ਸਰਕਾਰਾ ਨੌਜਵਾਨਾਂ ਪੀੜ੍ਹੀ ਨੂੰ ਇੱਥੇ ਹੀ ਰੁਜਗਾਰ ਦੇਵੇ ਤਾ ਫਿਰ ਵਿਦੇਸ਼ ਜਾਣ ਦੀ ਲੋੜ ਨਹੀਂ ਪਵੇਗੀ : ਬੇਗਮਪੁਰਾ ਟਾਈਗਰ ਫੋਰਸ

## ਵਿਦੇਸ਼ਾਂ ਵਿੱਚ ਵਸਣ ਕਰਕੇ ਬੱਚੇ ਆਪਣੇ ਪਰਿਵਾਰ ਨਾਲੋ ਬੁਰੀ ਤਰ੍ਹਾਂ ਟੁੱਟ ਰਹੇ ਹਨ : ਹੈਪੀ ਫਤਹਿਗੜ੍ਹ, ਅਨਿਲ ਕੁਮਾਰ ਬੰਟੀ

“Equality and justice” Patiala 23 November INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ 23 ਨਵੰਬਰ ( ਤਰਸੇਮ ਦੀਵਾਨਾ ) - ਅੱਜ ਕੱਲ੍ਹ ਪੰਜਾਬੀ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦੀ ਲਹਿਰ ਬੇਹੱਦ ਤੇਜ਼ੀ ਨਾਲ ਵੱਧ ਰਹੀ ਹੈ। ਹਰ ਗਲੀ, ਕਸਬੇ ਅਤੇ ਪਿੰਡਾਂ ਵਿਚੋਂ ਦਰਜਨਾਂ ਨੌਜਵਾਨ ਆਪਣਾ ਭਵਿੱਖ ਸੰਵਾਰਨ ਲਈ ਕੈਨੇਡਾ, ਆਸਟ੍ਰੇਲੀਆ, ਅਮਰੀਕਾ ਅਤੇ ਯੂਰਪ ਦੀਆਂ ਵੱਖ- ਵੱਖ ਯੂਨੀਵਰਸਿਟੀਆਂ ਵੱਲ ਰੁਖ ਕਰ ਰਹੇ ਹਨ। ਇਹ ਵਿਚਾਰਾ ਡਾ ਪ੍ਰਗਟਾਵਾ ਬੇਗਮਪੁਰਾ ਟਾਈਗਰ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ, ਅਨਿਲ ਕੁਮਾਰ ਬੰਟੀ ਪ੍ਰਧਾਨ ਬਲਾਕ ਹਰਿਆਣਾ ਭੂੰਗਾ, ਸਤੀਸ਼ ਕੁਮਾਰ ਬਸੀ ਬਾਹਦ ਅਤੇ ਰਵੀ ਸੁੰਦਰ ਨਗਰ ਨੇ ਕੁਝ ਚੋਣਵੇ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਉਹਨਾਂ ਕਿਹਾ ਕਿ ਇਸ ਰੁਝਾਨ ਨੇ ਪੰਜਾਬ ਦੇ ਸਮਾਜ,ਆਰਥਿਕਤਾ ਅਤੇ ਪੀੜ੍ਹੀ ਦਰ ਪੀੜ੍ਹੀ ਚੱਲਦੇ ਪਰਿਵਾਰਿਕ ਸਬੰਧਾਂ ਤੇ ਵੀ ਡੂੰਘਾ ਪ੍ਰਭਾਵ ਪਾਇਆ ਹੈ। ਉਹਨਾਂ ਕਿਹਾ ਕਿ ਵਿਦੇਸ਼ਾਂ ਵਿੱਚ ਵਸਣ ਕਰਕੇ ਬੱਚੇ ਆਪਣੇ ਪਰਿਵਾਰ ਨਾਲੋ ਵੀ ਟੁੱਟ ਰਹੇ ਹਨ। ਉਹਨਾ ਕਿਹਾ ਕਿ ਕਈ ਬੱਚੇ ਕਰਜਾ ਚੁੱਕ ਕੇ ਅਤੇ ਜ਼ਮੀਨ ਵੇਚ ਕੇ ਵਿਦੇਸ਼ਾਂ ਵਿੱਚ ਜਾ ਕੇ ਬੈਠੇ ਹੋਏ ਹਨ। ਕਈ ਬੱਚੇ ਤਾ ਲੱਖਾ ਰੁਪਏ ਲਾ ਕੇ ਡੌਂਕੀਆ ਰਾਹੀਂ ਵਿਦੇਸ਼ ਜਾ ਪਹੁੰਚੇ ਹਨ ਜਿਸ ਕਰਕੇ ਉਥੋਂ ਦੀਆਂ ਸਰਕਾਰਾਂ ਉਨ੍ਹਾਂ ਉੱਤੇ ਸਖ਼ਤ ਕਾਰਵਾਈ ਕਰ ਰਹੀਆਂ ਹਨ। ਉਹਨਾਂ ਕਿਹਾ ਕਿ ਅਮਰੀਕਾ ਦੀ ਟਰੰਪ ਸਰਕਾਰ ਵੱਲੋਂ ਨਵੀਂ ਪਰਵਾਸ ਨੀਤੀ ਤਹਿਤ ਗੈਰ ਕਾਨੂੰਨੀ ਪਰਵਾਸੀਆਂ ਨੂੰ ਜ਼ਬਰਨ ਕੱਢੇ ਜਾਣ ਦਾ ਫ਼ੈਸਲਾ ਵੀ ਲਿਆ ਗਿਆ ਹੈ। ਉਹਨਾਂ ਕਿਹਾ ਕਿ ਪੰਜਾਬੀ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਵੱਧ ਰਿਹਾ ਰੁਝਾਨ ਇੱਕ ਵੱਡਾ ਮੁੱਦਾ ਬਣ ਚੁੱਕਾ ਹੈ।

ਉਹਨਾਂ ਕਿਹਾ ਕਿ ਜੇਕਰ ਪੰਜਾਬ ਵਿੱਚ ਹੀ ਵਧੀਆ ਨੌਕਰੀ ਅਤੇ ਵਿਕਾਸ ਦੇ ਮੌਕੇ ਮਿਲਣ ਤਾਂ ਨੌਜਵਾਨਾਂ ਨੂੰ ਆਪਣੀ ਮਿੱਟੀ ਛੱਡਕੇ ਵਿਦੇਸ਼ ਜਾਣ ਦੀ ਲੋੜ ਨਹੀਂ ਪਵੇਗੀ। ਉਹਨਾਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਅਤੇ ਰੁਜ਼ਗਾਰ ਦੇਣ ਦਾ ਪ੍ਰਬੰਧ ਕਰਨ ਤਾਂ ਕਿ ਨੌਜਵਾਨ ਪੀੜ੍ਹੀ ਵਿਦੇਸ਼ਾਂ ਵੱਲ ਨਾਂ ਜਾਵੇ। ਜੇਕਰ ਸਰਕਾਰਾ ਨੌਜਵਾਨਾ ਨੂੰ ਇੱਥੇ ਹੀ ਰੁਜਗਾਰ ਦੇਣ ਤਾ ਫਿਰ ਨੌਜਵਾਨਾਂ ਨੂੰ ਵਿਦੇਸ਼ ਜਾਣ ਲੋੜ ਨਹੀਂ ਹੋਵੇ !

# ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਅੱਪਰਾ ਵਿਖੇ ਕਰਵਾਏ ਗਏ ਵੱਖ-ਵੱਖ ਖੇਡ ਮੁਕਾਬਲੇ

## ‘ਚ ‘ਰਾਈਜ਼ਿੰਗ ਸਟਾਰ ਇੰਟਰਨੈਸ਼ਨਲ’ ਸਕੂਲ ਬਖਲੌਰ ਦੇ ਵਿਦਿਆਰਥੀ ਰਹੇ ਜੈਤੂ

“Equality and justice” Patiala 23 November INTERNATIONAL PAPER, 94636 01616 hardipchumber57@gmail.com



ਫਿਲੌਰ/ਅੱਪਰਾ, 23 ਨਵੰਬਰ (ਦੀਪਾ)-ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਅੱਪਰਾ ਵਿਖੇ ਪ੍ਰਿੰਸੀਪਲ ਕੁਰਨੇਸ਼ ਨੰਦਾ ਤੇ ਸਕੂਲ ਦੇ ਡਾਇਰੈਕਟਰ ਸੰਦੀਪ ਰਾਣਾ ਦੀ ਅਗਵਾਈ ਹੇਠ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ | ਇਨਾਂ ਮੁਕਾਬਲਿਆਂ ‘ਚ ‘ਰਾਈਜ਼ਿੰਗ ਸਟਾਰ ਇੰਟਰਨੈਸ਼ਨਲ’ ਸਕੂਲ ਬਖਲੌਰ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ | ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਨੀਤਾ ਦੇਵੀ ਵੀ ਹਾਜ਼ਰ ਸਨ | ਇਸ ਮੌਕੇ ‘ਰਾਈਜ਼ਿੰਗ ਸਟਾਰ ਇੰਟਰਨੈਸ਼ਨਲ’ ਸਕੂਲ ਬਖਲੌਰ ਦੇ ਵਿਦਿਆਰਥੀਆਂ ਨੇ ਕ੍ਰਿਕਿਟ, ਖੋ-ਖੋ ਤੇ ਫੁੱਟਬਾਲ ਦੇ ਮੁਕਾਬਲਿਆਂ ‘ਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ, ਜਦਕਿ ਬਾਲੀਵਾਲ ‘ਚ ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਦੀ ਟੀਮ ਜੈਤੂ ਰਹੀ | ਇਸ ਮੌਕੇ ਸਮੂਹ ਅਧਿਆਪਕਾਂ ਤੇ ਪ੍ਰਬੰਧਕਾਂ ਵਲੋਂ ਜੈਤੂ ਟੀਮਾਂ ਨੂੰ ਸਨਾਨਿਤ ਕੀਤਾ ਗਿਆ | ਇਸ ਮੌਕੇ ਸਕੂਲ ਦੇ ਪਿੰ੍ਸੀਪਲ ਕੁਰਨੇਸ਼ ਨੰਦਾ ਤੇ ਡਾਇਰੈਕਟਰ ਸੰਦੀਪ ਰਾਣਾ ਨੇ ਵਿਦਿਆਰਥੀਆਂ ਨੂੰ ਭਵਿੱਖ ‘ਚ ਵੀ ਹਰ ਤਰਾਂ ਦੇ ਖੇਡ ਮੁਕਾਬਲਿਆਂ ‘ਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ | ਇਸ ਮੌਕੇ ਸ੍ਰੀਮਤੀ ਅਮਨਦੀਪ ਕੌਰ, ਮਮਤਾ, ਮਨੀਸ਼ਾ, ਸੋਨੀਆ, ਰਮਨ, ਪ੍ਰਭਜੋਤ ਕੌਰ, ਸੀਮਾ, ਪਰਮਜੀਤ ਸਿੰਘ, ਰੋਹਿਤ, ਮਨਪ੍ਰੀਤ ਕੌਰ ਤੇ ਸਮੂਹ ਵਿਦਿਆਰਥੀ ਹਾਜ਼ਰ ਸਨ

## 1ਪੇਜ਼ ਦੀ ਬਾਕੀ ਖਬਰ

ਜ਼ਰੂਰਤ ਹੈ ਅਤੇ ਭਾਰਤ-ਬ੍ਰਾਜ਼ੀਲ-ਦੱਖਣੀ ਅਫਰੀਕਾ ਦੇ ਤਿੰਨ-ਧਿਰ ਗੱਠਜੋੜ ਨੂੰ ਵਿਸ਼ਵਵਿਆਪੀ ਪ੍ਰਸ਼ਾਸਨ ਦੀਆਂ ਸੰਸਥਾਵਾਂ ਵਿੱਚ ਤਬਦੀਲੀਆਂ ਲਈ ਇੱਕ ਸਪਸ਼ਟ ਸੰਦੇਸ਼ ਭੇਜਣਾ ਚਾਹੀਦਾ ਹੈ।

ਇੱਥੇ ਭਾਰਤ-ਬ੍ਰਾਜ਼ੀਲ-ਦੱਖਣੀ ਅਫਰੀਕਾ (IBSA) ਦੇ ਆਗੂਆਂ ਦੇ ਸੰਮੇਲਨ ਨੂੰ ਸੰਬੋਧਨ ਕਰਦਿਆਂ, ਮੋਦੀ ਨੇ ਕਿਹਾ ਕਿ ਅਜਿਹੇ ਸਮੇਂ ਜਦੋਂ ਸੰਸਾਰ ਖੰਡਿਤ ਅਤੇ ਵੰਡਿਆ ਹੋਇਆ ਜਾਪਦਾ ਹੈ, IBSA ਏਕਤਾ, ਸਹਿਯੋਗ ਅਤੇ ਮਾਨਵਤਾ ਦਾ ਸੰਦੇਸ਼ ਪ੍ਰਦਾਨ ਕਰ ਸਕਦਾ ਹੈ।

ਉਨ੍ਹਾਂ ਤਿੰਨਾਂ ਦੇਸ਼ਾਂ ਦਰਮਿਆਨ ਸੁਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਲਈ IBSA ਰਾਸ਼ਟਰੀ ਸੁਰੱਖਿਆ ਸਲਾਹਕਾਰ (NSA) ਪੱਧਰ ਦੀ ਮੀਟਿੰਗ ਨੂੰ ਸੰਸਥਾਗਤ ਬਣਾਉਣ ਦਾ ਵੀ ਪ੍ਰਸਤਾਵ ਦਿੱਤਾ।

ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਅਤੇ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਡਾ ਸਿਲਵਾ ਦੀ ਮੌਜੂਦਗੀ ਵਿੱਚ ਹੋਈ ਮੀਟਿੰਗ ਵਿੱਚ ਮੋਦੀ ਨੇ ਕਿਹਾ, “ਅਤਿਵਾਦ ਵਿਰੁੱਧ ਲੜਾਈ ਵਿੱਚ ਸਾਨੂੰ ਨਜ਼ਦੀਕੀ ਤਾਲਮੇਲ ਵਿੱਚ ਅੱਗੇ ਵਧਣਾ ਚਾਹੀਦਾ ਹੈ। ਅਜਿਹੇ ਗੰਭੀਰ ਮੁੱਦੇ ’ਤੇ ਕਿਸੇ ਵੀ ਦੋਹਰੇ ਮਾਪਦੰਡ ਲਈ ਕੋਈ ਥਾਂ ਨਹੀਂ ਹੈ।”ਮਨੁੱਖ-ਕੇਂਦਰਿਤ ਵਿਕਾਸ ਨੂੰ ਯਕੀਨੀ ਬਣਾਉਣ ਵਿੱਚ ਤਕਨਾਲੋਜੀ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਤਿੰਨਾਂ ਦੇਸ਼ਾਂ ਦਰਮਿਆਨ UPI, CoW-IN ਵਰਗੇ ਸਿਹਤ ਪਲੇਟਫਾਰਮਾਂ, ਸਾਈਬਰ ਸੁਰੱਖਿਆ ਢਾਂਚੇ ਅਤੇ ਔਰਤਾਂ ਦੀ ਅਗਵਾਈ ਵਾਲੀਆਂ ਤਕਨੀਕੀ ਪਹਿਲਕਦਮੀਆਂ ਵਰਗੇ ਡਿਜੀਟਲ ਜਨਤਕ ਬੁਨਿਆਦੀ ਢਾਂਚੇ ਨੂੰ ਸਾਂਝਾ ਕਰਨ ਦੀ ਸਹੂਲਤ ਲਈ ਇੱਕ ‘IBSA ਡਿਜੀਟਲ ਇਨੋਵੇਸ਼ਨ ਅਲਾਇੰਸ’ ਸਥਾਪਤ ਕਰਨ ਦਾ ਵੀ ਪ੍ਰਸਤਾਵ ਕੀਤਾ।

ਸਿੱਖਿਆ, ਸਿਹਤ, ਔਰਤਾਂ ਦੇ ਸਸ਼ਕਤੀਕਰਨ ਅਤੇ ਸੂਰਜੀ ਊਰਜਾ ਵਰਗੇ ਖੇਤਰਾਂ ਵਿੱਚ 40 ਦੇਸ਼ਾਂ ਵਿੱਚ ਪ੍ਰੋਜੈਕਟਾਂ ਦਾ ਸਮਰਥਨ ਕਰਨ ਵਿੱਚ IBSA ਫੰਡ ਦੇ ਕੰਮ ਦੀ ਸ਼ਲਾਘਾ ਕਰਦੇ ਹੋਏ, ਉਨ੍ਹਾਂ ਦੱਖਣ-ਦੱਖਣ ਸਹਿਯੋਗ ਨੂੰ ਹੋਰ ਅੱਗੇ ਵਧਾਉਣ ਲਈ IBSA Fund for Climate Resilient Agriculture ਦਾ ਪ੍ਰਸਤਾਵ ਦਿੱਤਾ।

ਮੋਦੀ ਨੇ ਅਗਲੇ ਸਾਲ ਭਾਰਤ ਵਿੱਚ ਹੋਣ ਵਾਲੇ AI Impact Summit ਲਈ IBSA ਨੇਤਾਵਾਂ ਨੂੰ ਸੱਦਾ ਵੀ ਦਿੱਤਾ ਅਤੇ ਕਿਹਾ ਕਿ ਇਹ ਸਮੂਹ ਸੁਰੱਖਿਅਤ, ਭਰੋਸੇਮੰਦ ਅਤੇ ਮਨੁੱਖ-ਕੇਂਦਰਿਤ AI ਨਿਯਮਾਂ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦੀ ਸਮਰੱਥਾ ਰੱਖਦਾ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ IBSA ਇੱਕ ਦੂਜੇ ਦੇ ਵਿਕਾਸ ਨੂੰ ਪੂਰਾ ਕਰ ਸਕਦਾ ਹੈ ਅਤੇ ਟਿਕਾਊ ਵਿਕਾਸ ਲਈ ਇੱਕ ਉਦਾਹਰਣ ਬਣ ਸਕਦਾ ਹੈ

“Equality and justice”
Patiala 23 November
INTERNATIONAL PAPER, 94636 01616
hardipchumber57@gmail.com

# ਸ੍ਰੀ ਗੁਰੂ ਤੇਗ ਬਹਾਦਰ ਜੀ - ਧਰਮ ਅਤੇ ਮਾਨਵਤਾ ਦੇ ਪੈਰੋਕਾਰ

ਮੋਹਨਜੀਤ ਸਿੰਘ
ਰੀਸਰਚ ਐਂਡ ਡਿਵੈਲਪਮੈਂਟ ਸੈੱਲ,
ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ
ਓਪਨ ਯੂਨੀਵਰਸਿਟੀ, ਪਟਿਆਲਾ

ਭਾਰਤ ਵਰਸ਼, ਜਿੱਥੇ ਪ੍ਰਾਚੀਨ ਸਮੇਂ ਤੋਂ ਹੀ ਅਨੇਕ ਧਰਮਾਂ ਨੇ ਜਨਮ ਲਿਆ । ਇੱਥੋਂ ਦੀ ਸੱਭਿਆਚਾਰਕ ਵਿਰਾਸਤ ਅਤੇ ਆਧਿਆਤਮਿਕ ਵਿਰਾਸਤ ਨੇ ਸਦਾ ਮਨੁੱਖ ਨੂੰ ਇਕ ਨਵੀਂ ਦਿਸ਼ਾ ਦਿੱਤੀ। ਇਤਿਹਾਸ ਗਵਾਹ ਹੈ ਕਿ ਜਦੋਂ-ਜਦੋਂ ਧਰਮ “ਤੇ ਆਫ਼ਤ ਆਈ, ਇਸ ਦੀ ਰੱਖਿਆ ਲਈ ਪਰਮੇਸ਼ੁਰ ਦੁਆਰਾ ਅਵਤਾਰ ਧਾਰ ਕੇ ਆਪਣਾ ਜੀਵਨ ਸਮਰਪਿਤ ਕਰ ਦਿੱਤਾ। 17ਵੀਂ ਸਦੀ ਵਿੱਚ ਮੁਗਲ ਸਮਰਾਟ ਔਰੰਗਜ਼ੇਬ ਦੀ ਤਾਨਾਸ਼ਾਹੀ ਹਕੂਮਤ ਹਿੰਦੁਸਤਾਨ ਉੱਤੇ ਕਾਇਮ ਸੀ। ਉਸ ਦੀ ਰਾਜਨੀਤਿਕ ਨੀਤੀ ‘ਸਾਮ, ਦਾਮ, ਦੰਡ, ਭੇਦ’ ਤੇ ਆਧਾਰਿਤ ਸੀ। ਔਰੰਗਜ਼ੇਬ ਦੀ ਘਾਤਕ ਨੀਤੀ ਦੇ ਅਨੁਸਾਰ ਜੋ ਹਿੰਦੂ ਇਸਲਾਮ ਧਰਮ ਨਹੀਂ ਅਪਣਾਉਂਦੇ, ਉਨ੍ਹਾਂ ਨੂੰ ਜਬਰਨ ਧਰਮ ਪਰਿਵਰਤਨ ਕਰਵਾਇਆ ਜਾਂਦਾ ਜਾਂ, ਨਾ ਮੰਨਣ ਤੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ। ਔਰੰਗਜ਼ੇਬ ਦਾ ਜ਼ੁਲਮ ਕਸ਼ਮੀਰੀ ਬਣਤਾ ਤੱਕ ਜਾ ਪਹੁੰਚਿਆ । ਔਰੰਗਜ਼ੇਬ ਦੇ ਜ਼ੁਲਮ ਦਾ ਸ਼ਿਕਾਰ ਬਣੇ ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ ਕਿਸੇ ਪਾਸੇ ਨਾ ਸੁਣੀ ਗਈ ਤਾਂ ਉਨ੍ਹਾਂ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਲੈਣ ਦਾ ਨਿਸ਼ਚੈ ਕੀਤਾ। ਉਨ੍ਹਾਂ ਨੇ ਗੁਰੂ ਜੀ ਅੱਗੇ ਆਪਣੇ ਧਰਮ ਦੀ ਰੱਖਿਆ ਲਈ ਅਰਦਾਸ ਕੀਤੀ। ਇਸ ਤੋਂ ਬਾਅਦ ਗੁਰੂ ਜੀ ਕਿਸੇ ਡੂੰਘੀ ਸੋਚ ਵਿੱਚ ਡੁੱਬ ਗਏ ਅਤੇ ਕੁਝ ਸਮੇਂ ਬਾਅਦ ਫ਼ੁਰਮਾਉਣ ਲੱਗੇ ਕਿ ਅਜੇ ਧਰਮ ਯੁੱਧ ਦਾ ਸਮਾਂ ਨਹੀਂ ਆਇਆ। ਇਸ ਸਮੇਂ ਕਿਸੇ ਮਹਾਨ ਆਤਮਾ ਦੀ ਸ਼ਹੀਦੀ ਦੀ ਲੋੜ ਹੈ। ਸਿਰਫ਼ ਕੁਰਬਾਨੀ ਨਾਲ ਹੀ ਡੁੱਬਦੇ ਧਰਮ ਨੂੰ ਬਚਾਇਆ ਜਾ ਸਕਦਾ ਹੈ। ਆਪ ਜੀ ਦੇ ਬਚਨ ਸੁਣ ਕੇ ਪੂਰੇ ਦਰਬਾਰ ਵਿੱਚ ਸੱਨਾਟਾ ਛਾ ਗਿਆ। ਆਪ ਜੀ ਦੇ ਸਪੁੱਤਰ ਬਾਲ ਗੋਬਿੰਦ ਰਾਇ ਜੀ ਨੇ ਆਪ ਜੀ ਤੋਂ ਇਸ ਖ਼ਾਮੋਸ਼ੀ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਜਵਾਬ ਦਿੱਤਾ ਕਿ ਅਤਿਆਚਾਰ ਦੇ ਭਾਂਬੜ ਬਹੁਤ ਉੱਚੇ ਚਲੇ ਗਏ ਹਨ। ਜਿਸ ਵਿੱਚ ਇਹ ਨਿਤਾਣੇ ਬਾਲਣ ਦੀ ਥਾਂ ਝੋਕੇ ਜਾ ਰਹੇ ਹਨ। ਇਸ ਵੇਲੇ, ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ, ਜੋ ਕਿ ਬਾਲ ਉਮਰ ਦੇ ਸਨ, ਉਨ੍ਹਾਂ ਨੇ ਆਪਣੇ ਪਿਤਾ ਨੂੰ ਕਿਹਾ ਕਿ ‘ਤੁਸੀਂ ਹੀ ਇਸ ਸਮੇਂ ਲਈ ਸਭ ਤੋਂ ਉਚਿਤ ਹੋ’,; ਇਸ ਉਪਰੰਤ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਿਤਾਂ ਨੂੰ ਹੁਕਮ ਦਿੱਤਾ ਕਿ ਦਿੱਲੀ ਜਾ ਕੇ ਔਰੰਗਜ਼ੇਬ ਨੂੰ ਕਹੋ ਕਿ ਜੇ ਉਹ ਗੁਰੂ ਜੀ ਨੂੰ ਇਸਲਾਮ ਧਰਮ ਵਿੱਚ ਲਿਆਉਣ ਵਿੱਚ ਕਾਮਯਾਬ ਹੋ ਜਾਂਦੇ ਹਨ, ਤਾਂ ਸਾਰੇ ਪੰਡਿਤ ਇਸਲਾਮ ਕਬੂਲ ਲੈਣਗੇ। ਇਸ ਤਰ੍ਹਾਂ ਗੁਰੂ ਜੀ ਬਾਲ ਗੋਬਿੰਦ ਰਾਇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਦਸਵੇਂ ਵਾਰਿਸ ਥਾਪ ਕੇ ਆਪ ਕਸ਼ਮੀਰੀ ਪੰਡਿਤਾਂ ਦੀ ਰੱਖਿਆ ਲਈ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਜੈਤਾ ਜੀ ਅਤੇ ਭਾਈ ਦਿਆਲਾ ਜੀ ਆਦਿ ਸਿੱਖਾਂ ਨਾਲ ਦਿੱਲੀ ਵੱਲ ਕੁਰਬਾਨੀ ਦੇਣ ਚੱਲ ਪਏ। ਜਦੋਂ ਗੁਰੂ ਜੀ ਨੂੰ ਇਸਲਾਮ ਦੇ ਨਸ਼ੇ ਵਿੱਚ ਧੁੱਤ ਔਰੰਗਜ਼ੇਬ ਦੇ ਸਾਹਮਣੇ ਲਿਆਂਦਾ ਗਿਆ ਤਾਂ ਉਸ ਨੇ ਇਸਲਾਮ ਦੀ ਮਹਿਮਾ ਗਾਉਂਦਿਆਂ ਆਪ ਜੀ ਨੂੰ ਇਸਲਾਮ ਕਬੂਲਣ ਲਈ ਪ੍ਰੇਰਿਆ। ਪਰ ਗੁਰੂ ਜੀ ਨੇ ਉਸ ਦੀ ਉਮੀਦ ਦੇ ਉਲਟ ਉੱਤਰ ਦਿੱਤਾ ਕਿ ਧਰਮ ਜ਼ਬਰਦਸਤੀ ਤਲਵਾਰਾਂ ਦੀ ਨੋਕ ਉੱਤੇ ਨਹੀਂ ਬਦਲਾਇਆ ਜਾ ਸਕਦਾ। ਔਰੰਗਜ਼ੇਬ ਨੇ ਉਨ੍ਹਾਂ ਨੂੰ ਜ਼ੋਰ ਜਬਰ, ਲਾਲਚ ਅਤੇ ਕਰਾਮਾਤਾਂ ਦੇ ਰਾਹੀਂ ਝੁਕਾਉਣ ਦੀ ਕੋਸ਼ਿਸ਼ ਕੀਤੀ, ਪਰ ਗੁਰੂ ਜੀ ਨੇ ਅਟਲ ਰਹਿ ਕੇ ਧਰਮ ਦੀ ਰੱਖਿਆ ਲਈ ਆਪਣੀ ਜੀਵਨਰੇਖਾ ਸ਼ਹੀਦੀ ਰੂਪ ਵਿੱਚ ਲਿਖੀ। ਇਸ ਪ੍ਰਕਾਰ ਗੁਰੂ ਜੀ ਨੂੰ ਚੜ੍ਹਦੀ ਕਲਾ ਵਿੱਚ ਅਤੇ ਉਨ੍ਹਾਂ ਦੁਆਰਾ ਇਸਲਾਮ ਨਾ ਕਬੂਲਣ ਦੇ ਅਟੱਲ ਨਿਸ਼ਚੈ ਨੂੰ ਵੇਖ ਕੇ ਔਰੰਗਜ਼ੇਬ ਗੁੱਸੇ ਵਿੱਚ ਕੰਬ ਉੱਠਿਆ। ਕੁਰਬਾਨੀ ਲਈ ਤਿਆਰ ਗੁਰੂ ਜੀ ਨੂੰ ਦੇਖ ਕੇ ਉਸ ਦੇ ਮਨਸੂਬਿਆਂ ਦੀਆਂ ਨੀਹਾਂ ਹਿੱਲ ਗਈਆਂ। ਆਪਣੀ ਇਸ ਹਾਰ ਨੂੰ ਵੇਖ ਕੇ ਉਸ ਨੇ ਅੰਤ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿੱਚ ਬੰਦ ਕਰ ਦਿੱਤਾ ਜਾਵੇ ਅਤੇ ਇਨ੍ਹਾਂ ਦੇ ਮੁਰੀਦਾਂ ਨੂੰ ਤਸੀਹੇ ਦੇ-ਦੇ ਕੇ ਮਾਰ ਦਿੱਤਾ ਜਾਵੇ। ਅੰਤ ਮਿਤੀ 11 ਨਵੰਬਰ, 1675 ਈ: ਵਿੱਚ ਗੁਰੂ ਤੇਗ ਬਹਾਦਰ ਜੀ ਨੇ ਚਾਂਦਨੀ ਚੌਂਕ ਵਿਖੇ ਧਰਮ ਅਤੇ ਮਾਨਵਤਾ ਦੀ ਰੱਖਿਆ ਲਈ ਆਪਣੇ ਪ੍ਰਾਣ ਨਿਊਛਾਵਰ ਕਰ ਦਿੱਤੇ। ਉਨ੍ਹਾਂ ਦੀ ਸ਼ਹੀਦੀ ਮਨੁੱਖਤਾ ਦੇ ਇਤਿਹਾਸ ਵਿੱਚ ਮਿਸਾਲ ਹੈ। ਉਹਨਾਂ ਨੂੰ ਸਨਾਤਨ ਧਰਮ ਵੱਲੋਂ “ਹਿੰਦ ਦੀ ਚਾਦਰ” ਦੇ ਗੌਰਵ ਨਾਲ ਸਨਮਾਨਿਆ ਗਿਆ। ਗੁਰੂ ਤੇਗ ਬਹਾਦਰ ਜੀ ਨੇ ਸਿੱਖ ਧਰਮ ਦੀ ਉਸ ਆਦਰਸ਼ ਨੂੰ ਉਚਾ ਕਰ ਦਿੱਤਾ ਜਿਸਨੂੰ ਅਸਲ ਵਿਚ “ਸਰਬਤ ਦਾ ਭਲਾ” ਕਿਹਾ ਜਾਂਦਾ ਹੈ।



“Equality and justice”
Patiala 23 November
INTERNATIONAL PAPER, 94636 01616
hardipchumber57@gmail.com

# ਸਾਈਬਰ ਅਪਰਾਧਾਂ ਦਾ ਵਧਦਾ ਖਤਰਾ ਅਤੇ ਇਸ ਤੋਂ ਸੁਰੱਖਿਆ ਦੇ ਢੰਗ

ਪਵਨ ਕੁਮਾਰ ਅੱਤਰੀ
ਅਧਿਆਪਕ(ਕਪੂਰਥਲਾ)
8427791277



ਸਾਈਬਰ:- ਸਾਈਬਰ ਸ਼ਬਦ ਗਰੀਕ ਭਾਸ਼ਾ ਦੇ ਸਾਈਬਰਨੇਟਿਕ ਸ਼ਬਦ ਤੋਂ ਬਣਿਆ ਹੈ ।ਸਾਈਬਰ ਦਾ ਅਰਥ ਹੈ ਕੰਪਿਊਟਰ, ਇਲੈਕਟ੍ਰਾਨਿਕ ਨੈੱਟਵਰਕ, ਖਾਸ ਕਰਕੇ ਇੰਟਰਨੈੱਟ, ਇਲੈਕਟ੍ਰਾਨਿਕ ਸੰਚਾਰ ਅਤੇ ਸੰਬੰਧਿਤ ਟੈਕਨੌਲੋਜੀ ਨੂੰ ਸ਼ਾਮਲ ਕਰਨਾ ਜਾਂ ਵਰਤਣਾ।ਇੰਟਰਨੈਟ ਦੀ ਦੁਨੀਆ ਜਿਸ ਵਿੱਚ ਕੰਪਿਊਟਰ ਅਧਾਰਿਤ ਟੈਕਨੌਲੋਜੀ ਦੀ ਵਰਤੋਂ ਕਰਕੇ ਸੂਚਨਾਵਾਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਇਸ ਨੂੰ ਵੀ ਸਾਈਬਰ ਦਾ ਨਾਮ ਦਿੱਤਾ ਜਾ ਸਕਦਾ ਹੈ ।

ਸਾਈਬਰ ਅਪਰਾਧ:- ਸਾਈਬਰ ਅਪਰਾਧ ਕੰਪਿਊਟਰ, ਨੈੱਟਵਰਕ, ਇੰਟਰਨੈੱਟ ਅਤੇ ਹੋਰ ਡਿਜੀਟਲ ਡਿਵਾਈਸਿਜ਼ ਦੀ ਵਰਤੋਂ ਕਰਕੇ ਕੀਤਾ ਜਾਣ ਵਾਲਾ ਅਪਰਾਧ ਹੈ। ਕਿਸੇ ਵੀ ਡਿਜੀਟਲ ਕੰਪਿਊਟਿੰਗ ਡਿਵਾਈਸ ਦੀ ਵਰਤੋਂ ਕਰਕੇ ਕਿਸੇ ਨੂੰ ਕਿਸੇ ਵੀ ਤਰ੍ਹਾ ਦਾ ਨੁਕਸਾਨ ਪਹੁੰਚਾਉਣਾ ਸਾਈਬਰ ਅਪਰਾਧ ਹੈ। ਜਾਂ ਹੋਰ ਸ਼ਬਦਾਂ ਵਿੱਚ ਇਹ ਬੋਲ ਸਕਦੇ ਹਾਂ ਕਿ ਇਲੈਕਟਰੋਨਿਕ ਸਾਧਨਾ ਦੀ ਵਰਤੋਂ ਕਰਕੇ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਨੂੰ ਸਰੀਰਕ ਜਾਂ ਮਾਨਸਿਕ ਤੌਰ ਤੇ ਪਰੇਸ਼ਾਨ ਕਰਨਾ ਜਾਂ ਉਸਦੀ ਕਿਸੇ ਪ੍ਰਕਾਰ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਣਾ ਸਾਈਬਰ ਅਪਰਾਧ ਵਜੋਂ ਜਾਣਿਆ ਜਾਂਦਾ ਹੈ।

ਮੇਰੇ ਮੁਤਾਬਿਕ ਸਾਈਬਰ ਅਪਰਾਧ ਕਰਨ ਵਾਲੇ ਵਿਅਕਤੀ ਅਨਪੜ੍ਹ ਜਾਂ ਘੱਟ ਪੜ੍ਹੇ ਲਿਖੇ ਚੋਰਾਂ ਅਤੇ ਠੱਗਾਂ ਦਾ ਐਡਵਾਂਸ ਵਰਜਨ ਹਨ । ਇਹ ਉਹ ਪੜ੍ਹੇ ਲਿਖੇ ਵਿਅਕਤੀ ਹਨ ਜਿਨਾਂ ਨੂੰ ਡਿਜੀਟਲ ਡਿਵਾਈਸਾਂ ਦੀ ਵਰਤੋਂ ਵਧੀਆ ਤਰੀਕੇ ਨਾਲ ਕਰਨੀ ਆਉਂਦੀ ਹੈ ਪਰ ਇਹ ਉਸ ਦੀ ਵਰਤੋਂ ਦੂਸਰਿਆਂ ਨੂੰ ਨੁਕਸਾਨ ਪਹੁੰਚਾਉਣ ਲਈ ਅਤੇ ਆਪਣੇ ਫਾਇਦੇ ਲਈ ਕਰਦੇ ਹਨ । ਇੰਟਰਨੇਟ ਦੀ ਵਰਤੋਂ ਦਿਨੋਂ ਦਿਨ ਵੱਧ ਰਹੀ ਹੈ ।ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਅੱਜ ਦੇ ਸਮੇਂ ਵਿੱਚ ਇੰਟਰਨੇਟ ਅਤੇ ਕੰਪਿਊਟਰ ਅਧਾਰਿਤ ਟੈਕਨੌਲੋਜੀ ਦਾ ਫਾਇਦਾ ਉਠਾਉਣ ਵਾਲਿਆਂ ਦੀ ਗਿਣਤੀ ਵੱਧ ਰਹੀ ਹੈ ਪਰ ਮਾੜੀ ਗੱਲ ਇਹ ਹੈ ਕਿ ਨਾਲ ਹੀ ਇਸ ਦਾ ਦੁਰਉਪਯੋਗ ਕਰਨ ਵਾਲੇ ਵੀ ਵੱਧਦੇ ਜਾ ਰਹੇ ਹਨ । ਇਸ ਲਈ ਸਾਈਬਰ ਅਪਰਾਧ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ ਵੱਧਦੀ ਜਾ ਰਹੀ ਹੈ।

ਸਾਈਬਰ ਅਪਰਾਧ ਕਰਨ ਵਾਲੇ ਵਿਅਕਤੀ ਕਈ ਤਰੀਕਿਆਂ ਨਾਲ ਇਹ ਅਪਰਾਧ ਕਰਦੇ ਹਨ । ਉਹਨਾਂ ਦੇ ਇਹ ਅਪਰਾਧ ਕਰਨ ਦੇ ਤਰੀਕਿਆਂ ਅਤੇ ਕੀਤੇ ਜਾਣ ਵਾਲੇ ਅਪਰਾਧਾਂ ਦੇ ਆਧਾਰ ਤੇ ਅਸੀਂ ਸਾਈਬਰ ਅਪਰਾਧਾਂ ਨੂੰ ਇਹਨਾਂ ਕਿਸਮਾਂ ਵਿਚ ਵੰਡ ਸਕਦੇ ਹਾਂ:-

1. ਹੈਕਿੰਗ:- ਸਾਈਬਰ ਅਪਰਾਧ ਵਿੱਚ ਹੈਕਿੰਗ ਸਭ ਤੋਂ ਪੁਰਾਣਾ ਅਤੇ ਜਿਆਦਾ ਵਰਤਿਆ ਜਾਣ ਵਾਲਾ ਸ਼ਬਦ ਹੈ । ਜਦੋਂ ਕੋਈ ਵਿਅਕਤੀ ਕਿਸੇ ਹੋਰ ਦੇ ਕੰਪਿਊਟਰ ਸਿਸਟਮ, ਕਿਸੇ ਖ਼ਾਸ ਸਾਫਟਵੇਅਰ, ਜਾਂ ਕਿਸੇ ਦੇ ਨਿੱਜੀ ਡਾਟਾ ਤੱਕ ਅਣਅਧਿਕਾਰਤ ਪਹੁੰਚ ਕਰਦਾ ਹੈ ਤਾਂ ਉਸ ਨੂੰ ਹੈਕਿੰਗ ਕਿਹਾ ਜਾਂਦਾ ਹੈ ਅਤੇ ਅਜਿਹਾ ਅਪਰਾਧ ਕਰਨ ਵਾਲੇ ਵਿਅਕਤੀ ਨੂੰ ਇੱਕ ਹੈਕਰ ਕਿਹਾ ਜਾਂਦਾ ਹੈ । ਹੈਕਰ ਕਿਸੇ ਵਿਅਕਤੀ ਦੇ ਕੰਪਿਊਟਰ ਸਿਸਟਮ ਤੱਕ ਪਹੁੰਚ ਕਰਨ ਲਈ ਅਲੱਗ ਅਲੱਗ ਤਰ੍ਹਾਂ ਦੇ ਸਾਫਟਵੇਅਰਾਂ ਦੀ ਵਰਤੋਂ ਕਰਦੇ ਹਨ । ਇਹ ਕੰਮ ਉਹ ਰਿਮੋਟ ਲੋਕੇਸ਼ਨ ਤੋਂ ਵੀ ਕਰ ਸਕਦਾ ਹੈ । ਇਸ ਲਈ ਕਈ ਵਾਰ ਤਾਂ ਇਹ ਪਤਾ ਹੀ ਨਹੀਂ ਚਲਦਾ ਕਿ ਕੋਈ ਸਾਡੇ ਕੰਪਿਊਟਰ ਸਿਸਟਮ ਵਿਚ ਨਜ਼ਰ ਰੱਖ ਰਿਹਾ ਹੈ । ਹੈਕਰ ਦਾ ਮੁੱਖ ਉਦੇਸ਼ ਕਿਸੇ ਦੀ ਨਿੱਜੀ ਜਾਣਕਾਰੀ ਨੂੰ ਨੁਕਸਾਨ ਪਹੁੰਚਾਉਣਾ ਜਾਂ ਹੇਰਾਫੇਰੀ ਕਰਨਾ ਹੁੰਦਾ ਹੈ ।

2. ਡਾਟਾ ਡਿੱਡਲਿੰਗ:- ਡਾਟਾ ਡਿਡਲਿੰਗ ਤੋਂ ਭਾਵ ਹੈ ਕੰਪਿਊਟਰ ਸਿਸਟਮ ਦੀ ਵਰਤੋਂ ਕਰਕੇ ਕਿਸੇ ਵਿਅਕਤੀ ਦਾ ਡਾਟਾ ਉਸ ਦੀ ਮਨਜ਼ੂਰੀ ਤੋਂ ਬਿਨਾਂ ਆਪਣੇ ਨਿੱਜੀ ਹਿੱਤ ਲਈ ਬਦਲਣਾ, ਗਲਤ ਡਾਟਾ ਐਂਟਰ ਕਰਨਾ, ਡਲੀਟ ਕਰਨਾ ਆਦਿ ।ਅਜਿਹੇ ਅਪਰਾਧ ਕਰਨ ਵਾਲਾ ਵਿਅਕਤੀ ਕਿਸੇ ਦੁਆਰਾ ਭਰੀ ਜਾ ਰਹੀ ਆਨਲਾਈਨ ਐਂਟਰੀਆਂ ਨੂੰ ਬਦਲ ਸਕਦਾ ਹੈ ਜਾਂ ਡਿਲੀਟ ਕਰ ਸਕਦਾ ਹੈ ਤਾਂ ਜੋ ਆਪਣੇ ਕਿਸੇ ਨਿੱਜੀ ਹਿੱਤ ਲਈ ਨਤੀਜੇ ਪ੍ਰਾਪਤ ਕੀਤੇ ਜਾ ਸਕਣ।

3. ਵੈੱਬ ਜੈਕਿੰਗ:- ਸਾਈਬਰ ਅਪਰਾਧ ਕਰਨ ਵਾਲਾ ਵਿਅਕਤੀ ਜਦੋਂ ਕਿਸੇ ਹੋਰ ਦੀ ਬਣਾਈ ਹੋਈ ਵੈੱਬਸਾਈਟ ਨੂੰ ਹੈਕ ਕਰ ਲੈਂਦਾ ਹੈ ਤਾਂ ਉਸ ਨੂੰ ਵੈੱਬ ਜੈਕਿੰਗ ਕਹਿੰਦੇ ਹਨ । ਅਜਿਹੇ ਅਪਰਾਧੀ ਕਿਸੇ ਹੋਰ ਦੀ ਬਣਾਈ ਹੋਈ ਵੈੱਬ ਸਾਈਟ ਵਿਚ ਅਣਅਧਿਕਾਰਤ ਬਦਲਾਵ ਕਰ ਸਕਦਾ ਹੈ

4. ਸਟਾਕਿੰਗ:- ਸਟਾਕਿੰਗ ਸ਼ਬਦ ਦਾ ਅਰਥ ਹੈ ਕਿਸੇ ਦੇ ਪਿੱਛੇ ਪੈ ਜਾਣਾ ਜਾਂ ਕਿਸੇ ਦਾ ਪਿੱਛਾ ਕਰਨਾ । ਜਦੋਂ ਕੋਈ ਵਿਅਕਤੀ ਇੰਟਰਨੈੱਟ ਅਧਾਰਿਤ ਐਪਲੀਕੇਸ਼ਨ, ਸਾਫਟਵੇਅਰ ਜਾਂ ਸੋਸ਼ਲ ਮੀਡੀਆ ਤੇ ਕਿਸੇ ਵਿਅਕਤੀ ਦੀ ਮਨਜ਼ੂਰੀ ਤੋਂ ਬਿਨਾਂ ਪਿੱਛੇ ਪੈ ਕੇ ਉਸਨੂੰ ਪਰੇਸ਼ਾਨ ਜਾਂ ਬਲੈਕਮੇਲ ਕਰਦਾ ਹੈ ਤਾਂ ਉਸਨੂੰ ਸਟੋਕਿੰਗ ਅਪਰਾਧ ਕਿਹਾ ਜਾਂਦਾ ਹੈ । ਅਜਿਹੇ ਅਪਰਾਧੀ ਕਿਸੇ ਨੂੰ ਅਣਚਾਹੇ ਸਮੱਗਰੀ ਜਾਂ ਸੰਦੇਸ਼ ਭੇਜ ਕੇ ਤੰਗ ਕਰਦੇ ਹਨ ਅਤੇ ਉਸ ਨੂੰ ਨਿੱਜੀ ਜਾਣਕਾਰੀ ਦੇਣ ਲਈ ਮਜਬੂਰ ਕਰਦੇ ਹਨ ।

5. ਪਾਇਰੇਸੀ:- ਜਦੋਂ ਕੋਈ ਵਿਅਕਤੀ ਕਿਸੇ ਦੂਸਰੇ ਵਿਅਕਤੀ ਦੁਆਰਾ ਬਣਾਏ ਸਾਫਟਵੇਅਰ ਜਾਂ ਹੋਰ ਕੰਪਿਊਟਰ ਅਧਾਰਿਤ ਸਮੱਗਰੀ ਨੂੰ ਉਸਦੀ ਮਨਜ਼ੂਰੀ ਤੋਂ ਬਿਨਾਂ ਕਾਪੀ ਕਰਕੇ ਕਿਸੇ ਨੂੰ ਵੇਚਦਾ ਹੈ ਤਾਂ ਉਸਨੂੰ ਪਾਈਰੇਸੀ ਕਹਿੰਦੇ ਹਨ । ਅਜਿਹਾ ਕਰਨ ਨਾਲ ਅਸਲ ਮਾਲਕ ਨੂੰ ਭਾਰੀ ਨੁਕਸਾਨ ਹੁੰਦਾ ਹੈ । ਕਿਸੇ ਦੂਜੇ ਵਿਅਕਤੀ ਦੀਆਂ ਬਣਾਈਆਂ ਵੀਡੀਓਜ ਅਤੇ ਆਡੀਓਜ ਆਦਿ ਸਮੱਗਰੀ ਦੀ ਪਾਇਰੇਸੀ ਤਾਂ ਆਮ ਜਿਹੀ ਗੱਲ ਹੋ ਗਈ ਹੈ ।

6. ਫਿਸ਼ਿੰਗ:- ਫਿਸ਼ਿੰਗ ਸ਼ਬਦ ਦਾ ਅਰਥ ਹੈ ਕਿਸੇ ਨੂੰ ਧੋਖਾ ਦੇ ਕੇ ਆਪਣੇ ਜਾਲ ਵਿੱਚ ਫਸਾਉਣਾ । ਅਜਿਹੇ ਅਪਰਾਧੀ ਕਿਸੇ ਨੂੰ ਈਮੇਲ, ਜਾਂ ਮੈਸੇਜ ਆਦਿ ਭੇਜ ਕੇ ਕੋਈ ਖਾਸ ਆਕਰਸ਼ਕ ਪੇਸ਼ਕਸ਼ਾਂ ਦਿੰਦੇ ਹਨ ਤਾਂ ਜੋ ਉਹਨਾਂ ਨੂੰ ਗੁਮਰਾਹ ਕਰਕੇ ਨਿੱਜੀ ਜਾਣਕਾਰੀ ਜਿਵੇਂ ਕਿ ਕ੍ਰੈਡਿਟ ਕਾਰਡ ਨੰਬਰ, ਡੈਬਿਟ ਕਾਰਡ ਨੰਬਰ, ਨੈੱਟ ਬੈਂਕਿੰਗ ਆਈ. ਡੀ. ਪਾਸਵਰਡ ਆਦਿ ਪ੍ਰਾਪਤ ਕੀਤੀ ਜਾ ਸਕੇ । ਫਿਰ ਅਜਿਹੇ ਅਪਰਾਧੀ ਇਹ ਸਭ ਜਾਣਕਾਰੀ ਦੀ ਦੁਰਵਰਤੋਂ ਕਰਦੇ ਹਨ ।

7. ਟ੍ਰੋਲਿੰਗ:- ਟ੍ਰੋਲਿੰਗ ਦਾ ਅਰਥ ਹੈ ਦੂਜਿਆਂ ਨੂੰ ਭੜਕਾਉਣ ਲਈ ਨੁਕਸਾਨਦੇਹ ਜਾਂ ਪਰੇਸ਼ਾਨ ਕਰਨ ਵਾਲੀ ਸਮੱਗਰੀ ਆਨਲਾਈਨ ਪੋਸਟ ਕਰਨਾ । ਇਹ ਵੀ ਸਾਈਬਰ ਅਪਰਾਧ ਦਾ ਇੱਕ ਰੂਪ ਹੈ ਜੋ ਭਾਵਨਾਤਮਕ ਪਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ, ਕਿਸੇ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਇੱਕ ਵਿਰੋਧੀ ਆਨਲਾਈਨ ਵਾਤਾਵਰਣ ਬਣਾ ਸਕਦਾ ਹੈ। ਟ੍ਰੋਲਿੰਗ ਵਿੱਚ ਪਰੇਸ਼ਾਨੀ, ਨਫ਼ਰਤ ਭਰੀ ਬੋਲੀ ਅਤੇ ਸਾਈਬਰ ਧੱਕੇਸ਼ਾਹੀ ਸ਼ਾਮਲ ਹੋ ਸਕਦੀ ਹੈ ਅਤੇ ਪੀੜਤਾਂ ਲਈ ਗੰਭੀਰ ਨਤੀਜੇ ਹੋ ਸਕਦੇ ਹਨ।

8. ਜਾਸੂਸੀ:- ਕੰਪਿਊਟਰ ਆਧਾਰਿਤ ਸਿਸਟਮ ਦੀ ਵਰਤੋਂ ਕਰਕੇ ਕਿਸੇ ਵਿਅਕਤੀ, ਕਿਸੇ ਵਿਅਕਤੀਆਂ ਦੇ ਗਰੁੱਪ, ਕਿਸੇ ਕੰਪਨੀ ਜਾਂ ਕਿਸੇ ਵੀ ਸੰਸਥਾ ਦੀ ਚੋਰੀ-ਚੋਰੀ ਅਣਅਧਿਕਾਰਤ ਜਾਣਕਾਰੀ ਹਾਸਿਲ ਕਰਨ ਦੀ ਕੋਸ਼ਿਸ਼ ਕਰਨਾ ਅਤੇ ਉਸ ਜਾਣਕਾਰੀ ਦੀ ਦੁਰਵਰਤੋਂ ਕਰਨਾ ਜਾਂ ਆਪਣੇ ਹਿੱਤ ਲਈ ਵਰਤਣਾ ਵੀ ਇੱਕ ਸਾਈਬਰ ਅਪਰਾਧ ਹੈ।

9. ਸਮੈਪਿੰਗ:- ਜਦੋਂ ਕੋਈ ਵਿਅਕਤੀ ਕਿਸੇ ਨੂੰ ਬਿਨਾਂ ਆਗਿਆ ਤੋਂ ਫਾਲਤੂ ਦੀਆਂ ਈਮੇਲਾਂ ਜਾਂ ਸੰਦੇਸ਼ ਭੇਜੇ ਉਸਨੂੰ ਸਮੈਪਿੰਗ ਕਿਹਾ ਜਾਂਦਾ ਹੈ । ਕਈ ਵਿਅਕਤੀ ਕਿਸੇ ਚੀਜ ਦੀ ਮਾਰਕੀਟਿੰਗ ਲਈ ਵੀ ਅਜਿਹੇ ਕੰਮ ਕਰਦੇ ਹਨ ।ਇਹ ਵੀ ਇਕ ਸਾਈਬਰ ਅਪਰਾਧ ਹੈ । ਇਸ ਤਰ੍ਹਾਂ ਦੇ ਅਪਰਾਧੀ ਦਾ ਉਦੇਸ਼ ਕਿਸੇ ਨੂੰ ਆਪਣੇ ਨਿੱਜੀ ਹਿੱਤ ਲਈ ਕਿਸੇ ਖਾਸ ਪ੍ਰਕਿਰਿਆ ਵਿੱਚ ਫਸਾਉਣ ਦਾ ਹੁੰਦਾ ਹੈ । ਅਪਰਾਧੀ ਕਿਸੇ ਤੋਂ ਗੁਪਤ ਸੂਚਨਾ ਲੈ ਕੇ ਉਸਦੀ ਦੁਰਵਰਤੋਂ ਵੀ ਕਰ ਸਕਦਾ ਹੈ ।

10. ਈਮੇਲ ਸਪੂਫਿੰਗ:-ਇਹ ਇਕ ਅਜਿਹੀ ਆਨਲਾਈਨ ਕਾਰਵਾਈ ਹੈ ਜਿਸ ਵਿਚ ਕੋਈ ਅਣਜਾਣ ਵਿਅਕਤੀ ਦੁਆਰਾ ਆਪਣਾ ਈਮੇਲ ਐਡਰੈਸ ਹਾਈਡ ਕਰਕੇ ਦੂਸਰਿਆਂ ਨੂੰ ਈਮੇਲਾਂ ਜਾਂ ਸੰਦੇਸ਼ ਭੇਜੇ ਜਾਂਦੇ ਹਨ। ਇਸ ਨੂੰ ਈਮੇਲ ਸਪੂਫ਼ਿੰਗ ਕਿਹਾ ਜਾਂਦਾ ਹੈ । ਅਜਿਹੇ ਅਪਰਾਧੀ ਦੂਸਰਿਆਂ ਨੂੰ ਡਰਾਉਣ, ਧਮਕਾਉਣ ਲਈ ਜਾਂ ਕਿਸੇ ਨੂੰ ਬਲੈਕਮੇਲ ਕਰਕੇ ਉਸ ਤੋਂ ਜਾਣਕਾਰੀ ਹਾਸਿਲ ਕਰਨ ਲਈ ਅਜਿਹਾ ਕਰਦੇ ਹਨ ।

ਸਾਈਬਰ ਅਪਰਾਧੀ ਅਪਰਾਧ ਕਰਨ ਦੇ ਨਵੇਂ ਨਵੇਂ ਤਰੀਕੇ ਖੋਜਦੇ ਰਹਿੰਦੇ ਹਨ ਪਰ ਅਜਿਹਾ ਨਹੀਂ ਹੈ ਕਿ ਅਸੀਂ ਸਭ ਸਾਈਬਰ ਅਪਰਾਧੀਆਂ ਦੇ ਸ਼ਿਕਾਰ ਹੋ ਜਾਵਾਂਗੇ । ਇਸ ਤੋਂ ਬਚਣ ਦੇ ਵੀ ਕਈ ਤਰੀਕੇ ਹਨ । ਅਜਿਹਾ ਦੇਖਣ ਵਿੱਚ ਜਰੂਰ ਆਇਆ ਹੈ ਕਿ ਕੰਪਿਊਟਰ ਅਧਾਰਿਤ ਸਿਸਟਮ ਅਤੇ ਇੰਟਰਨੈਟ ਦੀ ਘੱਟ ਜਾਣਕਾਰੀ ਹੋਣ ਨਾਲ ਲੋਕੀ ਸਾਈਬਰ ਅਪਰਾਧੀਆਂ ਦੇ ਜਲਦੀ ਸ਼ਿਕਾਰ ਹੋ ਜਾਂਦੇ ਹਨ ।

## ਸਾਈਬਰ ਅਪਰਾਧ ਤੋਂ ਬਚਣ ਲਈ ਕੁਝ ਸੁਝਾਵ:-

1. ਮਜ਼ਬੂਤ ਪਾਸਵਰਡ:- ਕੰਪਿਊਟਰ ਅਧਾਰਿਤ ਜਿਹੜੇ ਵੀ ਅਸੀਂ ਡਿਵਾਈਸ ਵਰਤ ਰਹੇ ਹਾਂ ਉਸ ਦਾ ਪਾਸਵਰਡ ਮਜਬੂਤ ਹੋਣਾ ਚਾਹੀਦਾ ਹੈ । ਅਜਿਹਾ ਪਾਸਵਰਡ ਰੱਖੋ ਜਿਸ ਦਾ ਆਸਾਨੀ ਨਾਲ ਅੰਦਾਜਾ ਨਾ ਲਗਾਇਆ ਜਾ ਸਕੇ । ਇਸ ਡਿਵਾਈਸ ਵਿੱਚ ਅਸੀਂ ਜਿੰਨੇ ਵੀ ਆਪਣੇ ਨਿੱਜੀ ਅਕਾਊਂਟ ਲੋਗ ਇਨ ਕੀਤੇ ਹੋਏ ਹਨ ਜਾਂ ਕਰਦੇ ਹਾਂ ਉਹਨਾਂ ਦੇ ਪਾਸਵਰਡ ਵੀ ਇੰਨੇ ਮਜਬੂਤ ਰੱਖੋ ਕਿ ਇਸਨੂੰ ਦੂਸਰਾ ਵਿਅਕਤੀ ਨਾ ਖੋਲ ਸਕੇ । ਪੈਸਿਆਂ ਦਾ ਲੈਣ ਦੇਣ ਕਰਨ ਵਾਲਾ ਕੋਈ ਵੀ ਅਕਾਊਂਟ ਹੋਵੇ ਉਸ ਦਾ ਪਾਸਵਰਡ ਆਪਣੇ ਡਿਵਾਈਸ ਵਿੱਚ ਸੇਵ ਨਾ ਕਰੋ ।

2. ਸੁਰੱਖਿਤ ਇੰਟਰਨੇਟ ਕੁਨੈਕਸ਼ਨ:- ਅੱਜ ਅਸੀਂ ਸਾਰੇ ਹੀ ਆਪਣੀ ਨਿੱਜੀ ਜਾਣਕਾਰੀ ਆਨਲਾਈਨ ਵਰਤਦੇ ਹਾਂ । ਇਸ ਲਈ ਸਾਡਾ ਇੰਟਰਨੈਟ ਕਨੈਕਸ਼ਨ ਸੁਰੱਖਿਤ ਹੋਣਾ ਚਾਹੀਦਾ ਹੈ। ਸਾਨੂੰ ਬਿਨਾਂ ਪਾਸਵਰਡ ਸੁਰੱਖਿਆ ਵਾਲੇ ਜਨਤਕ ਵਾਈਫਾਈ ਤੋਂ ਬਚਣਾ ਚਾਹੀਦਾ ਹੈ । ਬਿਨਾਂ ਕਾਰਨ ਤੋਂ ਅਣਜਾਨ ਵਿਅਕਤੀਆਂ ਨਾਲ ਇੰਟਰਨੈਟ ਕਨੈਕਸ਼ਨ ਸ਼ੇਅਰ ਨਹੀਂ ਕਰਨਾ ਚਾਹੀਦਾ ।

3. ਸ਼ੱਕੀ ਵੈੱਬਸਾਈਟ ਅਤੇ ਲਿੰਕ ਤੋਂ ਦੂਰ ਰਹੋ:- ਸਾਨੂੰ ਅਣਜਾਣ ਵਿਅਕਤੀਆਂ ਦੁਆਰਾ ਭੇਜੇ ਗਏ ਕਿਸੇ ਵੀ ਤਰ੍ਹਾਂ ਦੇ ਮੈਸੇਜ ਚਾਹੇ ਉਹ ਸਾਨੂੰ ਟੈਕਸਟ ਮੈਸੇਜ ਆਉਣ, ਕਿਸੇ ਸੋਸ਼ਲ ਮੀਡੀਆ ਰਾਹੀਂ ਮੈਸੇਜ ਕੀਤੇ ਜਾਣ ਜਾਂ ਕਿਸੇ ਈਮੇਲ ਰਾਹੀਂ ਸਾਨੂੰ ਮੈਸੇਜ ਕੀਤੇ ਜਾਣ ਉਹਨਾਂ ਦੇ ਝਾਂਸੇ ਵਿੱਚ ਨਹੀਂ ਆਉਣਾ ਚਾਹੀਦਾ । ਜਦੋਂ ਸਾਨੂੰ ਕੋਈ ਅਣਜਾਣ ਵਿਅਕਤੀ ਕੋਈ ਲਿੰਕ ਭੇਜਦਾ ਹੈ ਤਾਂ ਸਾਨੂੰ ਉਸ ਉੱਪਰ ਕਲਿੱਕ ਨਹੀਂ ਕਰਨਾ ਚਾਹੀਦਾ ।

4. ਸੰਵੇਦਨਸ਼ੀਲ ਡਾਟਾ ਤੋਂ ਸਾਵਧਾਨ:- ਜਦੋਂ ਅਸੀਂ ਕੋਈ ਵੀ ਆਪਣਾ ਭੌਤਿਕ ਦਸਤਾਵੇਜ ਕੋਈ ਡੈਬਿਟ ਕਾਰਡ ਕੋਈ ਕ੍ਰੈਡਿਟ ਕਾਰਡ ਸੁੱਟਣਾ ਚਾਹੁੰਦੇ ਹਾਂ ਤਾਂ ਕਦੇ ਵੀ ਇਸਨੂੰ ਨਸ਼ਟ ਕੀਤੇ ਬਿਨਾਂ ਨਾ ਸੁੱਟੋ । ਇਹ ਧਿਆਨ ਰੱਖੋ ਕਿ ਉਸਨੂੰ ਪੂਰੀ ਤਰ੍ਹਾਂ ਨਸ਼ਟ ਕੀਤਾ ਜਾਏ ਤਾਂ ਜੋ ਉਸ ਉਪਰ ਦਿੱਤੇ ਹੋਏ ਨੰਬਰ ਨੂੰ ਕੋਈ ਦੂਸਰਾ ਵਿਅਕਤੀ ਨਾ ਜਾਣ ਪਾਵੇ ਅਤੇ ਇਸ ਉਪਰ ਲੱਗੀ ਹੋਈ ਚਿੱਪ ਨੂੰ ਨਾ ਵਰਤਿਆ ਜਾ ਸਕੇ ।

5. ਤੁਰੰਤ ਕਾਰਵਾਈ:- ਅਗਰ ਕਦੇ ਵੀ ਤੁਹਾਡੇ ਨਾਲ ਕਿਸੇ ਵੀ ਪ੍ਰਕਾਰ ਦਾ ਸਾਈਬਰ ਕ੍ਰਾਈਮ ਹੋ ਜਾਂਦਾ ਹੈ ਤਾਂ ਤੁਹਾਨੂੰ ਉਸ ਦੇ ਖਿਲਾਫ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ । ਤੁਹਾਨੂੰ ਸਾਈਬਰ ਕ੍ਰਾਈਮ ਦੇ ਟੋਲ ਫਰੀ ਨੰਬਰਾਂ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ।

6. ਓ.ਟੀ.ਪੀ. ਸ਼ੇਅਰ ਨਾ ਕਰੋ:- ਅੱਜ ਕੱਲ ਹਰ ਵਿਅਕਤੀ ਦਾ ਬੈਂਕ ਖਾਤਾ ਚਾਹੇ ਕਿਸੇ ਵੀ ਬੈਂਕ ਵਿੱਚ ਹੋਵੇ ਉਸ ਨੂੰ ਮੋਬਾਈਲ ਨੰਬਰ ਨਾਲ ਲਿੰਕ ਕੀਤਾ ਹੋਇਆ ਹੈ । ਇਹ ਬਹੁਤ ਹੀ ਜਰੂਰੀ ਹੈ ਕਿ ਅਸੀਂ ਕਦੇ ਵੀ ਕਿਸੇ ਅਣਜਾਣ ਵਿਅਕਤੀ ਨੂੰ ਆਪਣੇ ਫੋਨ ਜਾਂ ਈਮੇਲ ਵਿੱਚ ਆਏ ਹੋਏ ਓ.ਟੀ. ਪੀ. ਨੰਬਰ ਨਹੀਂ ਦਸਣਾ ਚਾਹਿਦਾ ਹੈ । ਕਿਉਂਕਿ ਇਹ ਆਮ ਗੱਲ ਹੋ ਗਈ ਹੈ ਅਣਜਾਨ ਵਿਅਕਤੀਆਂ ਦੁਆਰਾ ਸਾਡੀ ਨਿੱਜੀ ਜਾਣਕਾਰੀ ਪ੍ਰਾਪਤ ਕਰ ਕੇ ਸਾਨੂੰ ਗੁਮਰਾਹ ਕਰਕੇ ਓ.ਟੀ.ਪੀ. ਪੁੱਛੇ ਜਾਂਦੇ ਹਨ ।

7. ਆਪਣੇ ਡਿਵਾਈਸਾਂ ਨੂੰ ਸੁਰੱਖਿਤ ਰੱਖੋ:- ਆਪਣੇ ਕੰਪਿਊਟਰ ਅਧਾਰਿਤ ਡਿਵਾਈਸਾਂ ਨੂੰ ਹਮੇਸ਼ਾ ਸੁਰੱਖਿਤ ਰੱਖਣਾ ਚਾਹੀਦਾ ਹੈ ।ਇਸ ਵਿੱਚ ਸਮੇਂ ਸਮੇਂ ਤੇ ਸਾਫਟਵੇਅਰ ਅਪਡੇਟ ਕਰਦੇ ਰਹਿਣਾ ਚਾਹੀਦਾ ਹੈ । ਇਸ ਵਿੱਚ ਐਂਟੀ ਵਾਇਰਸ ਜਰੂਰ ਇੰਸਟਾਲ ਕਰਨੇ ਚਾਹੀਦੇ ਹਨ ।

8. ਓਵਰ ਸ਼ੇਅਰਿੰਗ ਤੋਂ ਬਚੋ:- ਅੱਜ ਬਹੁਤ ਸਾਰੇ ਵਿਅਕਤੀਆਂ ਨੇ ਸੋਸ਼ਲ ਮੀਡੀਆ ਤੇ ਅਕਾਊਂਟ ਬਣਾਏ ਹੋਏ ਹਨ। ਸਾਨੂੰ ਇਸ ਅਕਾਊਂਟ ਵਿੱਚ ਆਪਣੀ ਕਿਸੇ ਵੀ ਤਰ੍ਹਾਂ ਦੀ ਨਿੱਜੀ ਜਾਣਕਾਰੀ ਸਾਂਝੀ ਕਰਨ ਤੋਂ ਬਚਣਾ ਚਾਹੀਦਾ ਹੈ । ਕਦੇ ਵੀ ਆਪਣੀ ਕੋਈ ਵੀ ਅਜਿਹੀ ਫੋਟੋ ਜਾਂ ਵੀਡੀਓ ਸ਼ੇਅਰ ਨਾ ਕੀਤੀ ਜਾਏ ਜਿਸ ਦੀ ਦੁਰਵਰਤੋਂ ਕਰਕੇ ਕੋਈ ਵਿਅਕਤੀ ਤੁਹਾਨੂੰ ਬਲੈਕਮੇਲ ਕਰ ਸਕੇ । ਯਾਦ ਰੱਖੋ ਓਵਰ ਸ਼ੇਅਰਿੰਗ ਵੀ ਇਕ ਗੰਭੀਰ ਸਮੱਸਿਆ ਬਣ ਜਾਂਦੀ ਹੈ ।

ਸਿੱਟੇ ਵਜੋਂ, ਸਾਈਬਰ ਅਪਰਾਧ ਸਾਡੀ ਵਧਦੀ ਡਿਜੀਟਲ ਦੁਨੀਆ ਵਿੱਚ ਇੱਕ ਨਿਰੰਤਰ ਅਤੇ ਵਿਕਸਤ ਹੋ ਰਿਹਾ ਖ਼ਤਰਾ ਬਣਿਆ ਹੋਇਆ ਹੈ, ਜਿਸ ਲਈ ਵਿਅਕਤੀਆਂ, ਸੰਗਠਨਾਂ ਅਤੇ ਸਰਕਾਰਾਂ ਤੋਂ ਨਿਰੰਤਰ ਚੌਕਸੀ ਅਤੇ ਵਿਆਪਕ ਸੁਰੱਖਿਆ ਉਪਾਵਾਂ ਦੀ ਮੰਗ ਕੀਤੀ ਜਾਂਦੀ ਹੈ। ਜਦੋਂ ਕਿ ਇਹਨਾਂ ਅਪਰਾਧਾਂ ਦਾ ਮੁਕਾਬਲਾ ਕਰਨ ਲਈ ਕਾਨੂੰਨ ਅਤੇ ਤਕਨੀਕੀ ਬਚਾਅ ਲਗਾਤਾਰ ਵਿਕਸਤ ਅਤੇ ਅਪਡੇਟ ਕੀਤੇ ਜਾ ਰਹੇ ਹਨ। ਭਾਰਤ ਵਿੱਚ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਸਾਨੂੰ ਕਿਸੇ ਵੀ ਤਰ੍ਹਾਂ ਦਾ ਆਪਣਾ ਗੁਪਤ ਡਾਟਾ ਸੋਸ਼ਲ ਮੀਡੀਆ ਤੇ ਸ਼ੇਅਰ ਨਹੀਂ ਕਰਨਾ ਚਾਹੀਦਾ । ਸਾਈਬਰ ਸੁਰੱਖਿਆ ਦੀ ਜਾਣਕਾਰੀ ਵਿੱਚ ਵਾਧਾ ਕਰਨਾ ਚਾਹੀਦਾ ਹੈ ।

“इक्वालिटी एंड जस्टिस”
“ पटियाला 23 नवंबर
INTERNATIONAL PAPER, 9463601616
hardipchumber57@gmail.com

# हमारी आजादी की लड़ाई बाकी है- बाबा साहब

**बाबा साहेब कहते हैं**

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगों को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

## 25 नवंबर 1949 को संविधान सभा में बाबासाहेब डॉ. बी.आर. अंबेडकर का भाषण

महोदय, संविधान सभा के कार्य पर नज़र डालें तो 9



दिसंबर 1946 को इसकी पहली बैठक के बाद से अब दो वर्ष, ग्यारह महीने और सत्रह दिन हो चुके होंगे। इस अवधि के दौरान संविधान सभा ने कुल ग्यारह सत्र आयोजित किए हैं। इन ग्यारह सत्रों में से पहले छह सत्र उद्देश्य प्रस्ताव पारित करने और मौलिक अधिकारों, संघीय संविधान, संघीय शक्तियों, प्रांतीय संविधान, अल्पसंख्यकों और अनुसूचित क्षेत्रों एवं अनुसूचित जनजातियों पर समितियों के प्रतिवेदनों पर विचार करने में व्यतीत हुए। सातवें, आठवें, नौवें, दसवें और ग्यारहवें सत्र संविधान के प्रारूप पर विचार के लिए समर्पित थे। संविधान सभा के इन ग्यारह सत्रों में 165 दिन लगे। इनमें से, सभा ने संविधान के प्रारूप पर विचार करने में 114 दिन व्यतीत किए।

प्रारूप समिति की बात करें तो, इसे संविधान सभा ने 29 अगस्त 1947 को चुना था। इसकी पहली बैठक 30 अगस्त को हुई थी। 30 अगस्त से इसकी 141 दिनों तक बैठकें हुई और इस दौरान यह संविधान का मसौदा तैयार करने में लगी रही। संविधान सलाहकार द्वारा प्रारूप समिति के कार्य हेतु एक पाठ के रूप में तैयार किए गए प्रारूप संविधान में 243 अनुच्छेद और 13 अनुसूचियां शामिल थीं। प्रारूप समिति द्वारा संविधान सभा को प्रस्तुत किए गए पहले प्रारूप संविधान में 315 अनुच्छेद और 8 अनुसूचियां थीं। विचार-विमर्श के चरण के अंत में प्रारूप संविधान में अनुच्छेदों की संख्या बढ़कर 386 हो गई। अपने अंतिम रूप में, प्रारूप संविधान में 395 अनुच्छेद और 8 अनुसूचियां हैं। प्रारूप संविधान में पेश किए गए संशोधनों की कुल संख्या लगभग 7,635 थी।

मैं इन तथ्यों का उल्लेख इसलिए कर रहा हूँ क्योंकि एक समय ऐसा आया जब कहा जा रहा था कि संविधान सभा ने अपना काम पूरा करने में बहुत अधिक समय लगा दिया है, यह आराम से चल रही है और जनता का पैसा बर्बाद कर रही है। इसे रोम जलते समय नीरो के बांसुरी बजाने जैसा मामला कहा गया। क्या इस शिकायत का कोई औचित्य है? आइए हम अन्य देशों में संविधान निर्माण के लिए नियुक्त संविधान सभाओं द्वारा लिए गए समय पर ध्यान दें। कुछ उदाहरणों के लिए, अमेरिकी सम्मेलन 25 मई, 1787 को मिला और 17 सितंबर, 1787 को अपना काम पूरा कर लिया, अर्थात चार महीनों के भीतर। कनाडा का संवैधानिक सम्मेलन 10 अक्टूबर, 1864 को मिला और संविधान मार्च 1867 में दो वर्ष और पाँच महीने की अवधि में कानून बन गया। ऑस्ट्रेलियाई संवैधानिक सम्मेलन मार्च 1891 में एकत्रित हुआ और संविधान 9 जुलाई 1900 को कानून बन गया, जिसमें नौ वर्ष की अवधि लगी। दक्षिण अफ़्रीकी सम्मेलन अक्टूबर 1908 में हुआ और संविधान 20 सितंबर 1909 को एक वर्ष के श्रम के साथ कानून बन गया। यह सच है कि हमने अमेरिकी या दक्षिण अफ़्रीकी सम्मेलनों की तुलना में अधिक समय लिया है। लेकिन हमने कनाडाई सम्मेलन से अधिक समय नहीं लिया है और ऑस्ट्रेलियाई सम्मेलन से बहुत कम। समय के आधार पर तुलना करते समय, दो बातों को याद रखना चाहिए। एक यह कि अमेरिका, कनाडा, दक्षिण अफ़्रीका और ऑस्ट्रेलिया के संविधान हमारे संविधान से बहुत छोटे हैं। जैसा कि मैंने कहा, हमारे संविधान में 395 अनुच्छेद हैं जबकि अमेरिकी संविधान में केवल सात अनुच्छेद हैं, जिनमें से पहले चार खंडों में विभाजित हैं जिनकी कुल संख्या 21 है, कनाडाई संविधान में 147, ऑस्ट्रेलियाई संविधान में 128 और दक्षिण अफ़्रीकी संविधान में 153 खंड हैं। दूसरी बात याद रखने योग्य है कि अमेरिका, कनाडा, ऑस्ट्रेलिया और दक्षिण अफ़्रीका के संविधान निर्माताओं को संशोधनों की समस्या का सामना नहीं करना पड़ा। उन्हें प्रस्ताव के अनुसार पारित कर दिया गया। दूसरी ओर, इस संविधान सभा को 2,473 संशोधनों से निपटना पड़ा। इन तथ्यों को ध्यान में रखते हुए, मुझे विलंब का आरोप पूरी तरह निराधार लगता है और यह सभा इतने कम समय में इतना कठिन कार्य पूरा करने के लिए स्वयं को बधाई दे सकती है।

प्रारूप समिति द्वारा किए गए कार्य की गुणवत्ता की बात करें तो, श्री नज़ीरुद्दीन अहमद ने इसकी कड़ी निंदा करना अपना कर्तव्य समझा। उनकी राय में, प्रारूप समिति द्वारा किया गया कार्य न केवल सराहनीय नहीं है, बल्कि निश्चित रूप से निम्न स्तर का है। प्रारूप समिति द्वारा किए गए कार्य के बारे में सभी को अपनी राय रखने का अधिकार है और श्री नज़ीरुद्दीन को अपनी राय रखने का अधिकार है। श्री नज़ीरुद्दीन अहमद का मानना है कि वे प्रारूप समिति के किसी भी सदस्य से कहीं अधिक प्रतिभाशाली हैं। यदि संविधान सभा उन्हें अपने सदस्य के रूप में नियुक्त करने के योग्य समझती, तो प्रारूप समिति उनका अपने बीच स्वागत करती। यदि संविधान निर्माण में उनका कोई स्थान नहीं था, तो इसमें प्रारूप समिति का कोई दोष नहीं है।

श्री नजीरुद्दीन अहमद ने प्रारूप समिति के लिए एक नया नाम गढ़ा है, जो स्पष्टतः उसके प्रति अपनी अवमानना प्रदर्शित करता है। वे इसे 'ड्रिफ्टिंग कमेटी' कहते हैं। श्री नजीरुद्दीन निस्संदेह अपने इस प्रयास से प्रसन्न होंगे। लेकिन स्पष्टतः वे यह नहीं जानते कि बिना महारत के बहाव और महारत के साथ बहाव में अंतर होता है। यदि प्रारूप समिति बहाव में थी, तो वह परिस्थिति पर नियंत्रण के बिना कभी नहीं थी। वह केवल मछली पकड़ने की संभावना से मछली पकड़ने की कोशिश नहीं कर रही थी। वह ज्ञात जल में उस मछली को खोजने की कोशिश कर रही थी जिसकी उसे तलाश थी। किसी बेहतर चीज़ की तलाश में रहना बहाव में रहने के समान नहीं है। हालाँकि श्री नजीरुद्दीन अहमद का आशय प्रारूप समिति की प्रशंसा करना नहीं था। मैं इसे प्रारूप समिति की प्रशंसा के रूप में लेता हूँ। प्रारूप समिति अपने कर्तव्य की घोर उपेक्षा और अपनी गरिमा की झूठी भावना की दोषी होती यदि उसने उन संशोधनों को वापस लेने का, जिन्हें वह दोषपूर्ण समझती थी, ईमानदारी और साहस नहीं दिखाया होता और उनके स्थान पर वह संशोधन नहीं लाया होता जो उसे बेहतर लगता था। यदि यह गलती है, तो मुझे खुशी है कि प्रारूप समिति ने ऐसी गलतियों को स्वीकार करने और उन्हें सुधारने के लिए आगे आने में संकोच नहीं किया।

मुझे यह जानकर खुशी हुई कि एक-दो सदस्यों को छोड़कर, संविधान सभा के सभी सदस्यों में प्रारूप समिति द्वारा किए गए कार्यों की सराहना की आम सहमति है। मुझे यकीन है कि प्रारूप समिति अपने प्रयासों की इतनी उदारता से व्यक्त की गई इस सहज स्वीकृति से खुश होगी। प्रारूप समिति के सदस्यों और मेरे सहयोगियों द्वारा मुझे दी गई प्रशंसा के लिए मैं इतना अभिभूत हूँ कि उनके प्रति अपनी कृतज्ञता व्यक्त करने के लिए मेरे पास पर्याप्त शब्द नहीं हैं। मैं संविधान सभा में अनुसूचित जातियों के हितों की रक्षा के अलावा किसी बड़ी आकांक्षा के साथ नहीं आया था। मुझे इस बात का ज़रा भी अंदाज़ा नहीं था कि मुझे और भी ज़िम्मेदारी भरे काम करने के लिए कहा जाएगा। इसलिए, जब सभा ने मुझे प्रारूप समिति के लिए चुना तो मुझे बहुत आश्चर्य हुआ। मुझे उस समय और भी ज़्यादा आश्चर्य हुआ जब प्रारूप समिति ने मुझे अपना अध्यक्ष चुना। प्रारूप समिति में मुझसे बड़े, बेहतर और अधिक योग्य लोग थे, जैसे मेरे मित्र सर अल्लादी कृष्णस्वामी अय्यर। मैं संविधान सभा और प्रारूप समिति का आभारी हूँ कि उन्होंने मुझ पर इतना भरोसा और विश्वास जताया, मुझे अपना माध्यम चुना और देश की सेवा का यह अवसर दिया। (जयकार)

मुझे जो श्रेय दिया जाता है, वह वास्तव में मेरा नहीं है। इसका कुछ श्रेय संविधान सभा के संवैधानिक सलाहकार सर बी.एन. राव को भी जाता है, जिन्होंने प्रारूप समिति के विचारार्थ संविधान का एक कच्चा मसौदा तैयार किया था। इसका कुछ श्रेय प्रारूप समिति के सदस्यों को भी जाता है, जिन्होंने, जैसा कि मैंने कहा, 141 दिनों तक बैठक की और जिनकी नए सूत्र गढ़ने की कुशलता तथा विभिन्न दृष्टिकोणों को सहन करने और समायोजित करने की क्षमता के बिना, संविधान निर्माण का कार्य इतने सफल निष्कर्ष पर नहीं पहुँच पाता। इसका कहीं अधिक श्रेय संविधान के मुख्य प्रारूपकार श्री एस.एन. मुखर्जी को जाता है। जटिलतम प्रस्तावों को सरलतम और स्पष्टतम कानूनी रूप में प्रस्तुत करने की उनकी क्षमता, और न ही उनकी कड़ी मेहनत की क्षमता, की बराबरी शायद ही की जा सकती है। वे इस सभा के लिए एक अमूल्य निधि रहे हैं। उनकी सहायता के बिना, इस सभा को संविधान को अंतिम रूप देने में कई और वर्ष लग जाते। मैं श्री मुखर्जी के अधीन कार्यरत कर्मचारियों का उल्लेख करना नहीं भूलूँगा। क्योंकि, मैं जानता हूँ कि उन्होंने कितनी मेहनत की है और कितनी देर तक, कभी-कभी तो आधी रात के बाद भी, काम किया है। मैं उनके प्रयास और सहयोग के लिए उन सभी का धन्यवाद करना चाहता हूँ। (जयकार)

यदि यह संविधान सभा केवल एक रंग-बिरंगी भीड़, सीमेंट रहित एक फ़र्श, कहीं काला पत्थर तो कहीं सफ़ेद पत्थर होती, जिसका प्रत्येक सदस्य या प्रत्येक समूह अपने आप में एक कानून होता, तो प्रारूप समिति का कार्य बहुत कठिन होता। तब अराजकता के अलावा कुछ नहीं होता। संविधान सभा के अंदर कांग्रेस पार्टी की उपस्थिति ने अराजकता की इस संभावना को शून्य कर दिया, जिसने इसकी कार्यवाही में व्यवस्था और अनुशासन की भावना ला दी। कांग्रेस पार्टी के अनुशासन के कारण ही प्रारूप समिति संविधान को सभा में प्रत्येक अनुच्छेद और प्रत्येक संशोधन के भविष्य की निश्चित जानकारी के साथ प्रस्तुत करने में सक्षम हुई। इसलिए, सभा में संविधान के प्रारूप के सुचारू रूप से चलने का सारा श्रेय कांग्रेस पार्टी को जाता है।

यदि सभी सदस्य दलीय अनुशासन के नियमों के आगे झुक जाते, तो इस संविधान सभा की कार्यवाही अत्यंत नीरस हो जाती। दलीय अनुशासन, अपनी पूरी कठोरता के बावजूद, इस सभा को 'हाँ' में हाँ मिलाने वालों की सभा में बदल देता। सौभाग्य से, कुछ विद्रोही भी थे। वे थे श्री कामथ, डॉ. पीएस देशमुख, श्री सिधवा, प्रो. केटी शाह और पंडित हृदयनाथ कुंजरू। उन्होंने जो मुद्दे उठाए, वे अधिकांशतः वैचारिक थे। मैं उनके सुझावों को स्वीकार करने के लिए तैयार नहीं था, इससे न तो उनके सुझावों का महत्व कम होता है और न ही सभा की कार्यवाही को जीवंत बनाने में उनके द्वारा की गई सेवा कम होती है। मैं उनका आभारी हूँ। लेकिन उनके बिना, मुझे संविधान के मूल सिद्धांतों की व्याख्या करने का वह अवसर नहीं मिलता जो मुझे मिला, जो संविधान पारित करने के मात्र यांत्रिक कार्य से कहीं अधिक महत्वपूर्ण था।

अंत में, अध्यक्ष महोदय, इस सभा की कार्यवाही का संचालन जिस प्रकार से आपने किया है, उसके लिए मैं आपको धन्यवाद देना चाहता हूँ। सभा के सदस्यों के प्रति आपने जो शिष्टाचार और सहानुभूति दिखाई है, उसे इस सभा की कार्यवाही में भाग लेने वाले सभी लोग कभी नहीं भूल सकते। ऐसे कई अवसर आए जब प्रारूप समिति के संशोधनों को विशुद्ध रूप से तकनीकी आधार पर रोकने का प्रयास किया गया। वे मेरे लिए बहुत चिंताजनक क्षण थे। इसलिए, मैं आपका विशेष रूप से आभारी हूँ कि आपने संविधान निर्माण के कार्य को विधिवादिता के द्वारा बाधित नहीं होने दिया।

संविधान का जितना बचाव किया जा सकता था, मेरे मित्र सर अल्लादी कृष्णस्वामी अय्यर और श्री टीटी कृष्णमाचारी ने किया है। इसलिए मैं संविधान के गुणों पर चर्चा नहीं करूँगा। क्योंकि मेरा मानना है कि संविधान चाहे कितना भी अच्छा क्यों न हो, वह निश्चित रूप से बुरा ही होगा क्योंकि जिन लोगों को उसे लागू करने के लिए बुलाया जाता है, वे बुरे लोग होते हैं। संविधान चाहे कितना भी बुरा क्यों न हो, वह अच्छा भी हो सकता है यदि जिन लोगों को उसे लागू करने के लिए बुलाया जाता है, वे अच्छे लोग हों। किसी संविधान का कार्यान्वयन पूरी तरह से संविधान की प्रकृति पर निर्भर नहीं करता। संविधान केवल राज्य के अंगों, जैसे विधायिका, कार्यपालिका और न्यायपालिका, का प्रावधान कर सकता है। राज्य के इन अंगों का कार्य जिन कारकों पर निर्भर करता है, वे हैं जनता और वे राजनीतिक दल जिन्हें वे अपनी इच्छाओं और अपनी राजनीति को पूरा करने के लिए अपने साधन के रूप में स्थापित करेंगे। कौन कह सकता है कि भारत के लोग और उनके उद्देश्य क्या हैं या वे उन्हें प्राप्त करने के लिए क्रांतिकारी तरीके पसंद करेंगे? यदि वे क्रांतिकारी तरीके अपनाते हैं, तो संविधान चाहे कितना भी अच्छा क्यों न हो, यह कहने के लिए किसी भविष्यवक्ता की आवश्यकता नहीं है कि वह विफल हो जाएगा। इसलिए, संविधान पर कोई भी निर्णय देना व्यर्थ है, बिना इस बात पर ध्यान दिए कि जनता और उनके दल इसमें क्या भूमिका निभाएंगे।

संविधान की निंदा मुख्यतः दो पक्षों से होती है, कम्युनिस्ट पार्टी और सोशलिस्ट पार्टी। वे संविधान की निंदा क्यों करते हैं? क्या इसलिए कि यह वास्तव में एक बुरा संविधान है? मैं कहने का साहस करता हूँ कि नहीं। कम्युनिस्ट पार्टी सर्वहारा वर्ग की तानाशाही के सिद्धांत पर आधारित संविधान चाहती है। वे संविधान की निंदा करते हैं क्योंकि यह संसदीय लोकतंत्र पर आधारित है। समाजवादी दो चीजें चाहते हैं। पहली चीज जो वे चाहते हैं वह यह है कि यदि वे सत्ता में आते हैं, तो संविधान उन्हें बिना किसी मुआवजे के सभी निजी संपत्ति का राष्ट्रीयकरण या समाजीकरण करने की स्वतंत्रता दे। दूसरी चीज जो समाजवादी चाहते हैं वह यह है कि संविधान में उल्लिखित मौलिक अधिकार पूर्ण और बिना किसी सीमा के होने चाहिए ताकि यदि उनकी पार्टी सत्ता में आने में विफल रहती है, तो उनके पास न केवल आलोचना करने की, बल्कि राज्य को उखाड़ फेंकने की भी पूरी स्वतंत्रता होगी।

लेख का शेष भाग कल

"इक्वालिटी एंड जस्टिस
" पटियाला 23 नवंबर
INTERNATIONAL PAPER, 94636 01616
hardipchumber57@gmail.com

# चौधरी छोटू राम: किसान मसीहा और राजनेता

इंजी. हरदीप सिंह चुंबर



## कार्यकारी सारांश

यह दस्तावेज़ सर छोटू राम (जन्म नाम: राम रिछपाल ओहल्यान, 1881-1945) के जीवन, राजनीतिक दर्शन और महत्वपूर्ण योगदानों का एक व्यापक विश्लेषण प्रस्तुत करता है। वे अविभाजित पंजाब प्रांत के एक प्रमुख राजनेता, विचारक और समाज सुधारक थे, जिन्हें किसानों, मजदूरों और शोषित वर्गों के उत्थान के लिए उनके अथक प्रयासों के कारण 'दीनबंधु' के रूप में जाना जाता है। नेशनल यूनियनिस्ट पार्टी के सह-संस्थापक के रूप में, उन्होंने एक ऐसी सरकार का नेतृत्व किया जिसने पंजाब में सांप्रदायिक ताकतों को दूर रखा। राजस्व और विकास मंत्री के रूप में, उन्होंने क्रांतिकारी कानून बनाए, जैसे कि साहूकार पंजीकरण एक्ट, कर्जा माफी अधिनियम, और कृषि उत्पाद मंडी अधिनियम, जिसने किसानों को साहूकारों और बिचौलियों के शोषण से स्थायी रूप से मुक्त कराया। उनकी राजनीतिक दूरदर्शिता का प्रमाण 1944 में मोहम्मद अली जिन्ना के साथ उनके टकराव में मिलता है, जब उन्होंने जिन्ना को पंजाब से बाहर जाने के लिए मजबूर किया, जो अखंड भारत के प्रति उनकी दृढ़ प्रतिबद्धता को दर्शाता है। उनकी विरासत भाखड़ा बांध जैसी परियोजनाओं और उनके द्वारा स्थापित शैक्षणिक संस्थानों में जीवित है, जो ग्रामीण समाज के उत्थान के प्रति उनके समर्पण का प्रतीक है।

## 1. परिचय और प्रारंभिक जीवन

चौधरी (सर) राम रिछपाल ओहल्यान, जो सर छोटू राम के नाम से विख्यात हुए, का जन्म 24 नवंबर, 1881 को रोहतक के गढ़ी सांपला गाँव में एक साधारण परिवार में हुआ था। उनका असली नाम राम रिछपाल था, लेकिन भाइयों में सबसे छोटे होने के कारण परिवार उन्हें 'छोटू' कहकर पुकारता था, और यही नाम स्कूल रजिस्टर में भी दर्ज हो गया। उनके पिता श्री सुखीराम और माता श्रीमती हरकी देवी कर्जे और मुकदमों से बुरी तरह ग्रस्त थे। परिवार के पास केवल 10 एकड़ बंजर भूमि थी, जिसने छोटू राम को ग्रामीण भारत की कठिनाइयों का प्रत्यक्ष अनुभव कराया।

## 2. शिक्षा और वैचारिक गठन

छोटू राम की आरंभिक शिक्षा गाँव से 12 मील दूर झज्जर के मिडिल स्कूल में हुई। बाद में, उन्होंने दिल्ली के क्रिश्चियन मिशन स्कूल में प्रवेश लिया, जहाँ फीस और अन्य खर्चों को वहन करना एक बड़ी चुनौती थी। अपने पिता के साथ एक साहूकार से कर्ज लेने का अपमानजनक अनुभव उनके जीवन का एक महत्वपूर्ण मोड़ साबित हुआ, जिसने उनके भीतर अन्याय के खिलाफ एक क्रांतिकारी भावना को जगाया।

* प्रारंभिक नेतृत्व: क्रिश्चियन मिशन स्कूल के छात्रावास में, उन्होंने प्रभारी के खिलाफ एक सफल हड़ताल का नेतृत्व किया, जिससे उन्हें 'जनरल रॉबर्ट' का उपनाम मिला।
* उच्च शिक्षा: उन्होंने 1903 में इंटरमीडिएट और 1905 में दिल्ली के प्रतिष्ठित सेंट स्टीफन कॉलेज से स्नातक की डिग्री प्राप्त की।
* वैचारिक प्रभाव: अपने छात्र जीवन के आरंभ में ही उन्होंने वैदिक धर्म और आर्यसमाज के आदर्शों में गहरी आस्था विकसित कर ली थी।

## 3. व्यावसायिक और सार्वजनिक जीवन का आरंभ

शिक्षा पूरी करने के बाद, छोटू राम ने सार्वजनिक जीवन में प्रवेश किया, जहाँ उन्होंने पत्रकारिता, कानून और समाज सेवा के माध्यम से किसानों और मजदूरों के अधिकारों के लिए संघर्ष किया।

* पत्रकारिता: 1905 से 1907 तक, उन्होंने कालाकांकर के राजा रामपाल सिंह के सह-निजी सचिव के रूप में काम किया और अंग्रेजी समाचार पत्र 'हिन्दुस्तान' का संपादन किया।
* वकालत: 1911 में आगरा से कानून की डिग्री प्राप्त करने के बाद, उन्होंने 1912 में वकालत शुरू की। उन्होंने अपने पेशे में उच्च नैतिक आदर्श स्थापित किए, जैसे झूठे मुकदमे न लेना और गरीबों को मुफ्त कानूनी सलाह देना।
* जाट गजट: 1915 में, उन्होंने 'जाट गजट' नामक एक क्रांतिकारी अखबार शुरू किया, जो हरियाणा का सबसे पुराना अखबार है और आज भी प्रकाशित होता है। इस पत्र के माध्यम से उन्होंने ग्रामीण जीवन के उत्थान और साहूकारों द्वारा किसानों के शोषण के खिलाफ एक शक्तिशाली आवाज उठाई।
* समाज सुधार: उन्होंने प्रथम विश्व युद्ध के दौरान रोहतक से 22,144 जाट सैनिकों की भर्ती करवाई। उन्होंने 7 सितंबर, 1913 को "जाट आर्य-वैदिक संस्कृत हाई स्कूल रोहतक" सहित कई शिक्षण संस्थानों की स्थापना की।

## 4. राजनीतिक यात्रा

सर छोटू राम की राजनीतिक यात्रा भारतीय राष्ट्रीय कांग्रेस के साथ शुरू हुई, लेकिन किसानों के हितों पर वैचारिक मतभेदों के कारण उन्होंने जल्द ही अपना अलग रास्ता बना लिया।

* कांग्रेस के साथ: 1916 में, उन्होंने रोहतक में कांग्रेस कमेटी का गठन किया और इसके पहले अध्यक्ष बने। उनके लेखों और गतिविधियों को ब्रिटिश सरकार ने 'भयानक' माना और उन्हें देश-निकाला देने की सिफारिश की गई, जिसे एक बड़े विद्रोह के डर से रद्द कर दिया गया।
* कांग्रेस से अलगाव: अगस्त 1920 में, उन्होंने महात्मा गांधी के असहयोग आंदोलन से असहमति जताते हुए कांग्रेस छोड़ दी। उनका मानना था कि इस आंदोलन से किसानों का भला नहीं होगा और आजादी की लड़ाई संवैधानिक तरीकों से लड़ी जानी चाहिए।
* यूनियनिस्ट पार्टी का गठन: उन्होंने सर फ़ज़ले हुसैन और सर सिकंदर हयात खान के साथ मिलकर नेशनल यूनियनिस्ट पार्टी की स्थापना की। यह पार्टी किसानों, मजदूरों, मुसलमानों, सिखों और शोषितों का प्रतिनिधित्व करती थी। 1937 के चुनावों में पार्टी ने 175 में से 99 सीटें जीतकर शानदार विजय प्राप्त की, जबकि कांग्रेस को केवल 18 सीटें मिलीं। इस जीत ने छोटू राम को पंजाब की राजनीति में एक प्रमुख शक्ति के रूप में स्थापित कर दिया।

## 5. मंत्री के रूप में क्रांतिकारी विधायी सुधार

1937 में सिकंदर हयात खान के नेतृत्व वाली पंजाब सरकार में विकास और राजस्व मंत्री बनने के बाद, सर छोटू राम ने किसानों और मजदूरों को शोषण से बचाने के लिए कई ऐतिहासिक कानून बनाए। इन कानूनों ने ग्रामीण अर्थव्यवस्था की नींव बदल दी।

कानून का नाम प्रभावी तिथि मुख्य प्रावधान

कर्जा माफी अधिनियम, 1934 8 अप्रैल, 1935 य दि कर्जदार मूलधन का दोगुना भुगतान कर चुका है तो उसे कर्ज-मुक्त माना जाएगा। आजीविका के साधनों (पशु, औजार आदि) की नीलामी पर रोक।

साहूकार पंजीकरण एक्ट, 1938 2 सितंबर, 1938 कोई भी साहूकार बिना पंजीकरण के कर्ज नहीं दे सकता था और न ही किसान पर मुकदमा कर सकता था।

गिरवी जमीनों की मुफ्त वापसी एक्ट, 1938 9 सितंबर, 1938 8 जून, 1901 के बाद गिरवी रखी गई या कुर्क की गई जमीनें किसानों को वापस दिलाई गईं।

कृषि उत्पाद मंडी अधिनियम, 1938 5 मई, 1939 किसानों को उनकी उपज का उचित मूल्य सुनिश्चित करने के लिए मार्केट कमेटियों का गठन किया गया, जिससे बिचौलियों का शोषण समाप्त हुआ।

व्यवसाय श्रमिक अधिनियम, 1940 11 जून, 1940 बंधुआ मजदूरी पर रोक, 8 घंटे का कार्यदिवस, वेतन सहित साप्ताहिक अवकाश और 14 वर्ष से कम उम्र के बच्चों से मजदूरी कराने पर प्रतिबंध।

## 6. महत्वपूर्ण घटनाएँ और संघर्ष

* मोर के शिकार का विरोध: जब गुड़गांव के अंग्रेज डिप्टी कमिश्नर कर्नल इलियस्टर ने मोर का शिकार किया, तो सर छोटू राम ने 'जाट गजट' में जोरदार लेख लिखकर जनमत तैयार किया। बढ़ते दबाव के कारण अंग्रेज अधिकारी को माफी मांगनी पड़ी और भविष्य में ऐसा न करने का आश्वासन देना पड़ा।
* मोहम्मद अली जिन्ना के साथ टकराव (1944): जब मुस्लिम लीग के नेता मोहम्मद अली जिन्ना पंजाब में यूनियनिस्ट सरकार को अस्थिर करने के इरादे से लाहौर पहुँचे, तो सर छोटू राम ने दृढ़ता दिखाई। उन्होंने प्रधानमंत्री खिज्र हयात खान के माध्यम से जिन्ना को 24 घंटे के भीतर पंजाब छोड़ने का आदेश दिया। इस घटना ने उन्हें राष्ट्रीय स्तर पर एक ऐसे नेता के रूप में स्थापित किया जो देश के विभाजन के सख्त खिलाफ था। इस साहसिक कदम के लिए पंजाब के मुसलमानों ने उन्हें 'रहबरे आजम' की उपाधि दी।

## 7. विरासत और अंतिम वर्ष

सर छोटू राम का दृष्टिकोण केवल विधायी सुधारों तक ही सीमित नहीं था; उन्होंने क्षेत्र के भविष्य के लिए भी महत्वपूर्ण योगदान दिया।

* भाखड़ा बांध परियोजना: उन्होंने भाखड़ा बांध का प्रस्ताव रखा और सतलुज के पानी को हरियाणा तक लाने के लिए बिलासपुर के राजा के साथ एक ऐतिहासिक समझौते पर हस्ताक्षर किए।
* अखंड भारत के समर्थक: वह अब्दुल कलाम आजाद की नीतियों के समर्थक थे और उन्होंने हमेशा भारत की एकता की वकालत की।

9 जनवरी, 1945 को उनका निधन हो गया। सर छोटू राम एक दूरदर्शी नेता थे जिन्होंने अपना जीवन भारतीय उपमहाद्वीप के गरीबों और किसानों के हितों की रक्षा के लिए समर्पित कर दिया। उनके द्वारा किए गए सुधारों ने लाखों लोगों के जीवन को बदल दिया और उनकी विरासत आज भी प्रेरणा का स्रोत बनी हुई है।

# स्लाइट में "बौद्धिक अधिकार, तकनीकी व्यापारिकरण तथा नवउद्यम" विषय पर कार्यशाला का आयोजन

"इक्वालिटी एंड जस्टिस
" पटियाला 23 नवंबर
INTERNATIONAL PAPER, 94636 01616
hardipchumber57@gmail.com

लोंगोवाल,23 नवंबर (जगसीर सिंह )-

संत लोंगोवाल अभियांत्रिकी एवं प्रौद्योगिकी संस्थान (स्लाइट), लोंगोवाल के पेटेंट प्रकोष्ठ द्वारा राष्ट्रीय अनुसंधान विकास निगम, नई दिल्ली के सहयोग से 19 नवम्बर 2025 को "बौद्धिक अधिकार, तकनीकी व्यापारिकरण तथा नवउद्यम" विषय पर एक दिवसीय कार्यशाला का सफल आयोजन किया गया। इस कार्यशाला का मुख्य उद्देश्य अध्यापकों, पीएच. डी. शोधार्थियों एवं स्नातक विद्यार्थियों को बौद्धिक अधिकारों की सुरक्षा, अनुसंधान आधारित तकनीकों के हस्तांतरण तथा उनके व्यापारिक उपयोग की प्रक्रिया के बारे में जागरूक करना था।





कार्यक्रम का शुभारम्भ संस्थान के निदेशक प्रो. मणि कांत पासवान ने किया। उन्होंने आत्मनिर्भर भारत के लक्ष्य को आगे बढ़ाने हेतु स्वदेशी तकनीकों के विकास तथा उनके व्यापारिक उपयोग की आवश्यकता पर बल दिया। प्रो. सुरिन्दर सिंह, डीन (अनुसंधान एवं परामर्श), ने कार्यशाला के अध्यक्ष के रूप में मार्गदर्शन प्रदान किया, जबकि कार्यशाला का संचालन प्रो. एच. आर. घटक, प्रकोष्ठ प्रभारी (पेटेंट प्रकोष्ठ), ने किया। राष्ट्रीय अनुसंधान विकास निगम से आए विशेष वक्ताओं श्री अमिताभ मिश्रा, उप महाप्रबन्धक (व्यापार विकास) तथा श्री अश्वनी कुमार, उप प्रबन्धक (व्यापार विकास), ने बौद्धिक अधिकार संरक्षण, तकनीक के विकास एवं व्यापारिकरण की पूर्ण प्रक्रिया तथा नवउद्यमों की व्यवस्था एवं सहायता पर विस्तृत व्याख्यान प्रस्तुत किए।

इस कार्यशाला में 80 से अधिक अध्यापकों, पीएच.डी. शोधार्थियों तथा स्नातक विद्यार्थियों ने उत्साहपूर्वक भाग लिया। प्रतिभागियों ने बताया कि यह कार्यशाला अत्यन्त उपयोगी रही और इससे प्राप्त ज्ञान उनके भावी अनुसंधान कार्यों को अधिक प्रभावशाली एवं समाज केन्द्रित बनाने में सहायक होगा।

# चंडीगढ़ पंजाब का एक अभिन्न अंग है, हम हर कीमत पर इसके अधिकारों की रक्षा करेंगे : तलवाड़

"इक्वालिटी एंड जस्टिस
" पटियाला 23 नवंबर
INTERNATIONAL PAPER, 94636 01616
hardipchumber57@gmail.com

होशियारपुर 23 नवंबर (तरसेम दीवाना) - केंद्र सरकार द्वारा चंडीगढ़ को पंजाब से पूरी तरह अलग करके एक सामान्य केंद्र शासित प्रदेश बनाने की कोशिश संवैधानिक नियमों और पंजाब के अधिकारों पर सीधा हमला है। ये बातें शिरोमणि अकाली दल के राष्ट्रीय उपाध्यक्ष संजीव तलवाड़ ने जारी एक प्रेस नोट के माध्यम से कहीं। उन्होंने कहा कि संसद के आगामी शीतकालीन सत्र में लाए जा रहे 131वें संविधान संशोधन बिल के माध्यम से चंडीगढ़ पर पंजाब के जायज अधिकारों को खत्म करने की यह साजिश की जा रही है, जिसे कतई स्वीकार नहीं किया जा सकता।तलवाड़ ने कहा कि समय-समय पर केंद्र सरकारें गैर-संवैधानिक तरीकों से चंडीगढ़ पर पंजाब के अधिकारों को कमजोर करने की कोशिश करती रही हैं। हालांकि चंडीगढ़ को पंजाब का हिस्सा बनाने के कई बार वादे किए गए, लेकिन हर बार ये वादे तोड़े गए और नई रुकावटें खड़ी की गईं। अब भाजपा सरकार द्वारा लाया जा रहा बिल पंजाब के अधिकारों को मारने के साथ-साथ राज्यों के अधिकारों को खत्म करने की दिशा में एक और बड़ा कदम है। तलवाड़ ने साफ किया कि चंडीगढ़ पंजाब का है और इसे पंजाब से छीनने की कोई भी साज़िश कभी मंज़ूर नहीं की जाएगी। यह बिल सिर्फ़ कोई टेक्निकल या एडमिनिस्ट्रेटिव बदलाव नहीं है, बल्कि पंजाब के अधिकारों पर सीधी डकैती है। तलवाड़ ने कहा कि



केंद्र सरकार की इन कोशिशों से न सिर्फ़ पंजाब बल्कि पूरे देश की एकता और भरोसे को नुकसान पहुंचेगा। उन्होंने कहा कि चंडीगढ़ पंजाब का एक अहम हिस्सा है और इसके अधिकारों की रक्षा के लिए हर लेवल पर आवाज़ उठाई जाएगी।